# ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

## ਐਪੀਸੋਡ ੧੪: ਸੇਤੂ ਬੰਧ (ਤਬਦੀਲੀ ਦਾ ਪੁੱਲ)

'ਸੇਤੂ ਬੰਧ', ਤਬਦੀਲੀ ਦਾ ਪੁੱਲ, ਤਸ਼ਬੀਹੀ ਪੱਖੋਂ ਸੱਚੀਆਂ ਜਿੱਤਾਂ ਦੀ ਨੁਮਾਇੰਦਗੀ ਕਰਦਾ ਹੈ ਜੋ ਦੁਨੀਆਵੀ ਸਮੁੰਦਰ ਨੂੰ ਢਾਹੂ ਤੋਂ ਉਸਾਰੂ ਪਾਸੇ ਨੂੰ ਪਾਰ ਕਰਨ ਵਿੱਚ ਸਹਾਈ ਹੁੰਦਾ ਹੈ। ਗੁਰੂ ਨਾਨਕ ਸਾਂਗਲਾਦੀਪ ਤੋਂ ਧਨੁੱਸ਼ਕੋਡੀ ਗਏ।

ਦੇ ਦੇ ਨੀਵ ਦਿਵਾਲ ਉਸਾਰੀ ਭਸਮੰਦਰ ਕੀ ਢੇਰੀ॥
ਸੰਚੇ ਸੰਚਿ ਨ ਦੇਈ ਕਿਸ ਹੀ ਅੰਧੁ ਜਾਣੈ ਸਭ ਮੇਰੀ॥
ਸੋਇਨ ਲੰਕਾ ਸੋਇਨ ਮਾੜੀ ਸੰਪੈ ਕਿਸੈ ਨ ਕੇਰੀ॥
(ਰਾਗ ਗਉੜੀ ਚੇਤੀ, ਗੁਰੂ ਨਾਨਕ)

ਡੂੰਘੀਆਂ ਨੀਹਾਂ ਪੁੱਟ ਕੇ ਇਮਾਰਤ ਦੀਆਂ ਕੰਧਾਂ ਉਸਾਰੀਆਂ ਜਾਂਦੀਆਂ ਹਨ। ਇਸ ਦੇ ਬਾਵਜੂਦ ਇਮਾਰਤਾਂ ਮਿੱਟੀ ਦਾ ਢੇਰ ਬਣਦੀਆਂ ਹਨ।
ਲੋਕ ਜੋੜ-ਜੋੜ ਕੇ ਮਾਲਕੀਆਂ ਦੇ ਜੱਫੇ ਮਾਰਦੇ ਹਨ ਅਤੇ ਦੂਜਿਆਂ ਨਾਲ ਕੁਝ ਵੀ ਸਾਂਝਾ ਨਹੀਂ ਕਰਦੇ।
ਅਸੀਂ ਅੰਨ੍ਹੇ ਹੋ ਕੇ ਯਕੀਨ ਕਰਦੇ ਹਾਂ ਕਿ ਸਭ ਕੁਝ ਸਾਡੇ ਕੋਲ ਹੀ ਰਹਿਣਾ ਹੈ। ਆਖ਼ਰ ਤਾਂ ਸੋਨੇ ਦੀ ਲੰਕਾ ਵੀ ਕਿਸੇ ਕੋਲ ਨਹੀਂ ਰਹੀ।
(ਰਾਗ ਗਉੜੀ ਚੇਤੀ, ਗੁਰੂ ਨਾਨਕ)

ਕੁਦਰਤ ਨੇ ਵਾਰ-ਵਾਰ ਹਾਲਾਤ ਪੈਦਾ ਕਰ ਕੇ ਸਾਨੂੰ ਸਮਝਾਇਆ ਹੈ ਕਿ ਜੀਵਨ ਚੱਲਣਹਾਰ ਹੈ। ਇਖ਼ਲਾਕੀਆ ਕਹਾਣੀਆਂ ਨੇ ਸਾਨੂੰ ਸਭ ਪਰਜਾਤੀਆਂ ਦੇ ਏਕੇ ਅਤੇ ਬਾਹਮੀ ਤਅੱਲੁਕਾਤ ਨੂੰ ਹਲੀਮੀ ਨਾਲ ਕਬੂਲ ਕਰਨ ਦੀ ਸੇਧ ਦਿੱਤੀ ਹੈ ਪਰ ਮਨੁੱਖ ਦਾ ਅੜੀਅਲ ਮਨ ਵਾਰ-ਵਾਰ 'ਮੈਂ' ਅਤੇ 'ਮੇਰੇ' ਦੇ ਝੇੜੇ ਵਿੱਚ ਫਸ ਜਾਂਦਾ ਹੈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਨਾਗਾਪੱਟੀਨਮ ਤੋਂ ਸਮੁੰਦਰੀ ਜਹਾਜ਼ ਰਾਹੀਂ ਸ਼੍ਰੀ ਲੰਕਾ ਦੇ ਬੰਦਰਗਾਹ ਵਾਲੇ ਸ਼ਹਿਰ ਜਾਫਨਾ ਵਿੱਚ ਉਤਾਰਾ ਕੀਤਾ।

ਮੌਜੂਦਾ ਦੌਰ ਵਿੱਚ ਸਿਆਸੀ ਕਾਰਨਾਂ ਕਰ ਕੇ ਸਮੁੰਦਰ ਰਾਹੀਂ ਸ਼੍ਰੀ ਲੰਕਾ ਤੋਂ ਇੰਡੀਆ ਦਾ ਸਫ਼ਰ ਨਾਮੁਮਕਿਨ ਹੈ। ਇਸ ਲਈ ਅਸੀਂ ਹਵਾਈ ਜਹਾਜ਼ ਰਾਹੀਂ ਇੰਡੀਆ ਤੋਂ ਸ਼੍ਰੀ ਲੰਕਾ ਗਏ ਅਤੇ ਜਾਫਨਾ ਤੋਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਆਪਣਾ ਸਫ਼ਰ ਅੱਗੇ ਤੋਰਿਆ।

'ਵਿਲਾਇਤਵਾਲੀ ਜਨਮਸਾਖੀ' ਮੁਤਾਬਕ ਗੁਰੂ ਨਾਨਕ ਨੇ ਸ਼੍ਰੀ ਲੰਕਾ ਦੇ ਸਫ਼ਰ ਦੌਰਾਨ ਆਪਣਾ ਸਿਰ ਰੱਸੀਆਂ ਨਾਲ ਢਕਿਆ ਹੋਇਆ ਸੀ, ਪੈਰਾਂ ਵਿੱਚ ਖੜਾਵਾਂ ਸਨ ਅਤੇ ਮੱਥੇ ਉੱਤੇ ਸਿੰਧੂਰ ਦਾ ਤਿਲਕ ਲਗਾਇਆ ਹੋਇਆ ਸੀ। ਗੁਰੂ ਨਾਨਕ ਜਾਣ-ਬੁੱਝ ਕੇ ਅਜਿਹਾ ਲਿਬਾਸ ਪਹਿਨਦੇ ਸਨ ਜਿਸ ਨਾਲ ਲੋਕਾਂ ਨੂੰ ਉਨ੍ਹਾਂ ਦੀ

ਮਜ਼ਹਬੀ ਪਛਾਣ ਕਰਨਾ ਮੁਸ਼ਕਲ ਹੋਵੇ। ਸ਼ਾਇਦ ਇਸ ਨਾਲ ਲੋਕਾਂ ਵਿੱਚ ਜਗਿਆਸਾ ਜਾਗਦੀ ਹੋਵੇਗੀ ਅਤੇ ਉਨ੍ਹਾਂ ਲਈ ਵੱਖ-ਵੱਖ ਪਿਛੋਕੜ ਵਾਲੇ ਰੂਹਾਨੀਅਤ ਦੇ ਪਾਂਧੀਆਂ ਨਾਲ ਸੰਵਾਦ ਛੇੜਨਾ ਸੁਖਾਲਾ ਹੁੰਦਾ ਹੋਵੇ।

ਅਮਰਦੀਪ ਸਿੰਘ: ਜਾਫਨਾ। ਇਹ ਸ਼੍ਰੀ ਲੰਕਾ ਦਾ ਉਹ ਕਸਬਾ ਹੈ ਜਿੱਥੇ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਸਭ ਤੋਂ ਪਹਿਲਾਂ ਉਤਾਰਾ ਕੀਤਾ ਸੀ। ਇਸ ਕਸਬੇ ਨੂੰ ਉਸ ਵੇਲੇ 'ਜਾਪਾਪਟਨਮ' ਕਹਿੰਦੇ ਸਨ। ਇਸੇ ਕਸਬੇ ਤੋਂ ਉਨ੍ਹਾਂ ਨੇ ਆਪਣਾ ਸਫ਼ਰ ਸ਼ੁਰੂ ਕੀਤਾ ਅਤੇ ਸ਼੍ਰੀ ਲੰਕਾ ਦੇ ਸਮੁੱਚੇ ਟਾਪੂ ਦੀ ਯਾਤਰਾ ਕੀਤੀ। ਭਾਈ ਮਨੀ ਸਿੰਘ ਦੀ ਜਨਮਸਾਖੀ ਮੁਤਾਬਕ ਉਨ੍ਹਾਂ ਨੇ ਸ਼੍ਰੀ ਲੰਕਾ ਵਿੱਚ ਦੋ ਸਾਲ ਪੰਜ ਮਹੀਨੇ ਦਾ ਸਮਾਂ ਗੁਜ਼ਾਰਿਆ।

ਸ਼੍ਰੀ ਲੰਕਾ ਵਿੱਚ ਉਤਾਰਾ ਕਰਨ ਲਈ ਵਰਤੀ ਗਈ ਬੰਦਰਗਾਹ ਦੇ ਸ਼ਹਿਰ ਜਾਫਨਾ ਵਿੱਚ ਗੁਰੂ ਨਾਨਕ ਦੇ ਆਉਣ ਦੀ ਕੋਈ ਯਾਦਗਾਰ ਨਹੀਂ ਹੈ।

ਪੰਦਰ੍ਹਵੀ ਸਦੀ ਵਿੱਚ ਸ਼੍ਰੀ ਲੰਕਾ ਵਿੱਚ ਬੁੱਧ ਧਰਮ ਦਾ ਬੋਲਬਾਲਾ ਸੀ। ਇਸ ਟਾਪੂ ਦੇ ਉੱਤਰੀ-ਪੂਰਬੀ ਪਾਸੇ ਕੁਝ ਇਲਾਕਿਆਂ ਵਿੱਚ ਭਗਵਾਨ ਸ਼ਿਵ ਦੀ ਅਰਾਧਨਾ ਕਰਨ ਵਾਲੇ ਹਿੰਦੂ ਆਬਾਦ ਸਨ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਜਾਫਨਾ ਤੋਂ ਸਮੁੰਦਰ ਦੇ ਕੰਢੇ-ਕੰਢੇ ਤ੍ਰਿਨਕੋਮਲੀ, ਬੈਟੀਕਲੋਅ ਅਤੇ ਕੁਰੁਕੱਲਮਡਮ ਦਾ ਸਫ਼ਰ ਕੀਤਾ। ਇਸ ਤੋਂ ਬਾਅਦ ਉਹ ਕਾਤਰਗਾਮਾ, ਨੁਵਾਰਾ ਏਲੀਯਾ, ਸੀਤਾਵਾਕਾ ਅਤੇ ਕੋਲੰਬੋ ਦੇ ਬਾਹਰ-ਵਾਰ ਕੋਟੇ ਹੁੰਦੇ ਹੋਏ ਅਨੁਰਾਧਾਪੁਰਾ ਰਾਹੀਂ ਮੰਨਾਰ ਪਹੁੰਚੇ। ਉਨ੍ਹਾਂ ਨੇ ਪਹਿਲਾਂ ਜਾਫਨਾ ਤੋਂ ਤ੍ਰਿਨਕੋਮਲੀ ਦਾ ਸਫ਼ਰ ਕੀਤਾ।

ਅਸੀਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਜਾਫਨਾ ਤੋਂ ਪੂਰਬੀ ਸਾਹਿਲ ਉੱਤੇ ਤ੍ਰਿਨਕੋਮਾਲੀ ਜਾ ਰਹੇ ਹਾਂ।

ਇਹ ਸਾਹਿਲੀ ਕਸਬਾ 'ਸ਼ਿਵ ਮਤ' ਦੇ ਇਤਿਹਾਸਕ ਮੰਦਿਰ ਲਈ ਮਸ਼ਹੂਰ ਸੀ। ਇਹ ਗਵਾਹੀਆਂ ਮਿਲਦੀਆਂ ਹਨ ਕਿ ਉਹ ਮੰਦਿਰ ੧੬੨੨ ਵਿੱਚ ਪੁਰਤਗਾਲੀਆਂ ਨੇ ਢਾਹਿਆ ਸੀ। ਇਹ ਯਕੀਨ ਨਾਲ ਤਾਂ ਨਹੀਂ ਕਿਹਾ ਜਾ ਸਕਦਾ ਪਰ ਇਹ ਹੋ ਸਕਦਾ ਹੈ ਕਿ ਇਸ ਕਸਬੇ ਵਿੱਚੋਂ ਗੁਜ਼ਰਦੇ ਹੋਏ ਗੁਰੂ ਨਾਨਕ ਇਸ ਅਸਥਾਨ ਉੱਤੇ ਆਏ ਹੋਣ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਤ੍ਰਿਨਕੋਮਲੀ ਤੋਂ ਦੱਖਣ ਵਾਲੇ ਪਾਸੇ ਨੂੰ ਬੈਟੀਕਲੋਅ ਦਾ ਸਫ਼ਰ ਕੀਤਾ।

ਅਸੀਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਤ੍ਰਿਨਕੋਮਲੀ ਤੋਂ ਸਮੁੰਦਰ ਦੇ ਕਿਨਾਰੇ ਦੱਖਣ ਵਾਲੇ ਪਾਸੇ ਨੂੰ ਸਾਹਿਲੀ ਸ਼ਹਿਰ ਬੈਟੀਕਲੋਅ ਜਾ ਰਹੇ ਹਾਂ। ਇਸ ਸ਼ਹਿਰ ਨੂੰ ਪੰਦਰ੍ਹਵੀ ਸਦੀ ਵਿੱਚ ਮਾਟੀਆਕਲਮ ਕਹਿੰਦੇ ਸਨ।

ਉਸ ਵੇਲੇ ਸ਼੍ਰੀ ਲੰਕਾ ਦੇ ਉੱਤਰੀ-ਪੂਰਬੀ ਇਲਾਕੇ ਉੱਤੇ ਬੈਟੀਕਲੋਅ ਤੋਂ ਰਾਜਾ ਪਾਰਾਰਾਜਸ਼ੇਖਰਨ ਰਾਜ ਕਰਦਾ ਸੀ। 'ਜਨਮਸਾਖੀ' ਸਾਹਿਤ ਵਿੱਚ ਰਾਜੇ ਦਾ ਨਾਮ 'ਸ਼ਿਵ ਨਾਭ' ਵਜੋਂ ਦਰਜ ਹੈ ਜਿਸ ਤੋਂ ਇਸ਼ਾਰਾ ਮਿਲਦਾ ਹੈ ਕਿ ਉਹ ਭਗਵਾਨ ਸ਼ਿਵ ਦੇ ਭਗਤ ਸਨ।

ਅਮਰਦੀਪ ਸਿੰਘ: ਮਨਸੁੱਖ ਨਾਮ ਦਾ ਸੌਦਾਗਰ ਆਪਣੀ ਸੌਦਾਗਰੀ ਦੇ ਸਿਲਸਿਲੇ ਵਿੱਚ ਲਾਹੌਰ ਤੋਂ ਸ਼੍ਰੀ ਲੰਕਾ ਆਉਂਦਾ-ਜਾਂਦਾ ਰਹਿੰਦਾ ਸੀ। ਇਸ ਟਾਪੂ ਉੱਤੇ ਆਪਣੇ ਕਿਆਮ ਦੌਰਾਨ ਹੀ ਉਸ ਨੇ ਰਾਜਾ 'ਸ਼ਿਵ ਨਾਭ' ਕੋਲ ਗੁਰੂ ਨਾਨਕ ਅਤੇ ਉਨ੍ਹਾਂ ਦੇ ਫ਼ਲਸਫ਼ੇ ਦਾ ਜ਼ਿਕਰ ਕੀਤਾ ਸੀ।

'ਵਿਲਾਇਤਵਾਲੀ ਜਨਮਸਾਖੀ' ਅਤੇ 'ਭਾਈ ਮਨੀ ਸਿੰਘ ਵਾਲੀ ਜਨਮਸਾਖੀ' ਵਿੱਚ ਜ਼ਿਕਰ ਆਉਂਦਾ ਹੈ ਕਿ ਗੁਰੂ ਨਾਨਕ ਦੀ ਭਰੋਸੇਯੋਗਤਾ ਦਾ ਇਮਤਿਹਾਨ ਲੈਣ ਲਈ ਰਾਜਾ ਸ਼ਿਵ ਨਾਭ ਨੇ ਗੁਰੂ ਨਾਨਕ ਨੂੰ ਭਰਮਾਉਣ ਲਈ ਲੁਭਾਉਣੀਆਂ ਮੁਟਿਆਰਾਂ ਭੇਜੀਆਂ। ਜਦੋਂ ਉਨ੍ਹਾਂ ਮੁਟਿਆਰਾਂ ਦਾ ਗੁਰੂ ਨਾਨਕ ਉੱਤੇ ਕੋਈ ਅਸਰ ਨਾ ਹੋਇਆ ਤਾਂ ਰਾਜਾ ਸ਼ਿਵ ਨਾਭ ਨੂੰ ਯਕੀਨ ਹੋ ਗਿਆ ਕਿ ਮਨਸੁੱਖ ਦੇ ਦੱਸੇ ਮੁਤਾਬਕ ਮਹਿਬੂਬ ਸੰਤ ਇਹੋ ਹਨ। ਉਸ ਤੋਂ ਬਾਅਦ ਪੂਰੇ ਸਤਿਕਾਰ ਨਾਲ ਰਾਜਾ ਆਪ ਗੁਰੂ ਨਾਨਕ ਦੇ ਸੁਆਗਤ ਲਈ ਹਾਜ਼ਿਰ ਹੋਇਆ।

ਗੁਰੂ ਨਾਨਕ ਦੇ ਨਿਰਾਲੇ ਲਿਬਾਸ ਨੂੰ ਦੇਖ ਕੇ ਸ਼ਿਵ ਨਾਭ ਦੇ ਮਨ ਵਿੱਚ ਜਗਿਆਸਾ ਹੋਈ ਤਾਂ ਉਸ ਨੇ ਪੁੱਛਿਆ ਕਿ ਉਹ ਜੋਗੀ ਹਨ ਜਾਂ ਪੰਡਿਤ, ਅਤੇ ਉਨ੍ਹਾਂ ਦੀ ਜਾਤ ਕਿਹੜੀ ਹੈ। ਰਾਜੇ ਦੀ ਰੂਹਾਨੀ ਸੋਚ ਨੂੰ ਝੰਜੋੜਾ ਦੇਣ ਲਈ ਗੁਰੂ ਨਾਨਕ ਨੇ ਉਸ ਦੀ ਸਮਾਜਿਕ ਦਰਜਾਬੰਦੀ ਨਾਲ ਜੁੜੀ ਪੁੱਛ ਦੇ ਜੁਆਬ ਵਿੱਚ ਖ਼ਿਆਲ ਉਕਸਾਉਣ ਵਾਲੇ ਸੁਆਲ ਕੀਤੇ,

ਜੋਗੀ ਜੁਗਤਿ ਨਾਮੁ ਨਿਰਮਾਇਲੁ ਕੈ ਮੈਲੁ ਨ ਰਾਤੀ॥
ਪ੍ਰੀਤਮ ਨਾਥੁ ਸਦਾ ਸਚੁ ਸੰਗੇ ਜਨਮ ਮਰਣ ਗਤਿ ਬੀਤੀ॥
ਗੁਸਾਈ ਤੇਰਾ ਕਹਾ ਨਾਮੁ ਕੈਸੇ ਜਾਤੀ॥
ਜਾ ਤਉ ਭੀਤਰਿ ਮਹਲਿ ਬੁਲਾਵਹਿ ਪੂਛਉ ਬਾਤ ਨਿਰੰਤੀ॥
(ਰਾਗ ਮਾਰੂ, ਗੁਰੂ ਨਾਨਕ)

ਉਹ ਜੋਗੀ ਹੈ ਜਿਸ ਕੋਲ ਸੋਚ-ਵਿਚਾਰ ਕਰਨ ਦੀ ਕਾਬਲੀਅਤ ਹੈ। ਜੋ ਇਮਾਨਦਾਰ ਹੈ ਉਸ ਨੂੰ ਮੈਲ਼ ਦੀ ਰੱਤੀ ਵੀ ਛੂਹ ਨਹੀਂ ਸਕਦੀ।
ਹੇ ਪਿਆਰੇ ਪ੍ਰੀਤਮ ਨਾਥ, ਸੱਚ ਦੇ ਸੰਗ ਵਿੱਚ ਜਨਮ-ਮਰਨ ਦੀਆਂ ਲਾਲਸਾਵਾਂ ਤੋਂ ਉੱਪਰ ਉੱਠ ਜਾਓ।
ਹੇ ਕਾਇਨਾਤੀ ਹਾਜ਼ਰਾ ਹਜ਼ੂਰ, ਤੇਰੀ ਵਿਸ਼ਾਲਤਾ ਦੀ ਥਾਹ ਕੌਣ ਪਾ ਸਕਦਾ ਹੈ?
ਜੇ ਤੁਸੀਂ ਚੇਤਨਾ ਨੂੰ ਆਪਣੇ ਮਨ ਦੇ ਮਹਿਲਾਂ ਵਿੱਚ ਬੁਲਾਓ ਤਾਂ ਏਕੇ ਦੀ ਸੋਚ ਦਾ ਪ੍ਰਵਾਹ ਲਗਾਤਾਰ ਚਲਦਾ ਹੈ।
(ਰਾਗ ਮਾਰੂ, ਗੁਰੂ ਨਾਨਕ)

ਕਿਸੇ ਦਾ ਦੁਨਿਆਵੀ ਰੁਤਬਾ ਉਸ ਦੇ ਮਿਜ਼ਾਜ ਦਾ ਮਿਆਰ ਨਹੀਂ ਹੋ ਸਕਦਾ। ਗੁਰੂ ਨਾਨਕ ਨੇ ਸੁਆਲ ਕੀਤਾ ਕਿ ਜ਼ਾਹਰਾ ਰੂਪ ਨਾਲ ਸਿਰਜਣਹਾਰ ਅਤੇ ਉਸ ਦੀ ਸਿਰਜਣਾ ਦੀ ਦਰਜਾਬੰਦੀ ਕਿਵੇਂ ਹੋ ਸਕਦੀ ਹੈ ਕਿਉਂਕਿ ਇਹ ਦੋਵੇਂ ਤਾਂ ਇੱਕੋ ਸਿੱਕੇ ਦੇ ਦੋ ਪਾਸੇ ਹਨ। ਪਛਾਣ ਦੀ ਬੁਨਿਆਦ ਉੱਤੇ ਬਣੀ ਸਮਝ ਅਜਿਹੇ ਝੁਕਾਅ ਪੈਦਾ ਕਰ ਸਕਦੀ ਹੈ ਜੋ ਸਮਾਜਿਕ ਇਤਫ਼ਾਕ ਨੂੰ ਕਮਜ਼ੋਰ ਕਰ ਸਕਦੇ ਹਨ।

ਗੁਰੂ ਨਾਨਕ ਨੇ ਸੁਝਾਇਆ ਕਿ ਮਨੁੱਖ ਨੂੰ ਮੱਤਭੇਦ ਦੀ ਥਾਂ ਏਕੇ ਦਾ ਧਿਆਨ ਧਰਨਾ ਚਾਹੀਦਾ ਹੈ।

ਰਾਜਾ ਸ਼ਿਵ ਨਾਭ ਨਾਲ ਕੁਝ ਦਿਨ ਗੁਜ਼ਾਰਨ ਤੋਂ ਬਾਅਦ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਦੱਖਣ ਵਾਲੇ ਪਾਸੇ ਨੂੰ ਕੁਰੁਕੱਲਮਡਮ ਪਿੰਡ ਦਾ ਸਫ਼ਰ ਕੀਤਾ।

ਅਸੀਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਕੁਰੁਕੱਲਮਡਮ ਪਿੰਡ ਜਾ ਰਹੇ ਹਾਂ।

ਸਫ਼ਰ ਮਨੁੱਖ ਨੂੰ ਅਜਿਹੇ ਮੌਕੇ ਮੁਹਈਆ ਕਰਦਾ ਹੈ ਜੋ ਉਸ ਦੇ ਸਕੂਨ ਦੇ ਘੇਰੇ ਤੋਂ ਬਾਹਰ ਹੁੰਦੇ ਹਨ। ਹਰ ਸਫ਼ਰ ਮਨੁੱਖ ਨੂੰ ਨਿਰਾਲੇ ਤਜਰਬਿਆਂ ਦੇ ਸਨਮੁੱਖ ਕਰਦਾ ਹੈ ਜਿਸ ਰਾਹੀਂ ਸੋਚਾਂ ਦੀ ਨਵੀਂ ਵਿਓਂਤ ਵਿੱਚ ਜੁੜਨ ਦੀ ਗੁੰਜਾਇਸ਼ ਬਣਦੀ ਹੈ ਅਤੇ ਮਨੁੱਖ ਦੀ ਤਰੱਕੀ ਦੇ ਬੂਹੇ ਖੁੱਲ੍ਹਦੇ ਹਨ। ਇਨ੍ਹਾਂ ਮੌਕਿਆਂ ਦਾ ਲਾਹਾ ਲੈਣ ਲਈ ਇਨ੍ਹਾਂ ਸਬਕਾਂ ਨੂੰ ਪੱਲੇ ਬੰਨ੍ਹਣਾ ਜ਼ਰੂਰੀ ਹੈ ਤਾਂ ਜੋ ਇੱਕ ਤਾਂ ਇਨ੍ਹਾਂ ਦੇ ਹਵਾਲੇ ਨਾਲ ਆਤਮ-ਪੜਚੋਲ ਕੀਤੀ ਜਾ ਸਕੇ ਅਤੇ ਦੂਜੇ ਪਾਸੇ ਹੋਰਾਂ ਦੇ ਲਾਹੇ ਲਈ ਇਨ੍ਹਾਂ ਨੂੰ ਸਾਂਝੇ ਕੀਤਾ ਜਾ ਸਕੇ। ਜਿਵੇਂ ਗੁਰੂ ਨਾਨਕ ਨੇ ਕਿਹਾ,

ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ॥
(ਗੁਰੂ ਨਾਨਕ)

ਓ ਸੱਜਣਾ, ਜੇ ਤੈਨੂੰ ਕੋਈ ਗੁਣਕਾਰੀ ਤਜਰਬਾ ਹੋਇਆ ਹੈ ਤਾਂ ਦੂਜਿਆਂ ਨਾਲ ਸਾਂਝਾ ਕਰ।
(ਗੁਰੂ ਨਾਨਕ)

ਬਸ ਦੇ ਇਸ ਸੰਵਾਦ ਰੱਤੇ ਅਤੇ ਵਿਚਾਰ ਰੱਤੇ ਸਫ਼ਰ ਤੋਂ ਬਾਅਦ ਅਸੀਂ ਪੈਦਲ, ਪੁਰਸਕੂਨ ਪਿੰਡ ਕੁਰੁਕੱਲਮਡਮ ਜਾ ਰਹੇ ਹਾਂ।

ਅਮਰਦੀਪ ਸਿੰਘ: 'ਕੁਰੁ' ਦਾ ਮਾਅਨਾ ਗੁਰੂ ਹੈ। 'ਕਲ' ਦਾ ਮਤਲਬ ਸਤਿਕਾਰ ਅਤੇ 'ਮਾਡਮ' ਦਾ ਅਰਥ ਸੰਗਤ ਹੈ। ਇਹ ਮੰਨਿਆ ਜਾਂਦਾ ਹੈ ਕਿ ਬੈਟੀਕਲੋਅ ਤੋਂ ਗੁਰੂ ਨਾਨਕ ਇਸ ਪਿੰਡ ਆਏ ਸਨ ਅਤੇ ਕੁਝ ਦਿਨ ਕਿਆਮ ਕੀਤਾ ਸੀ। ਅਸੀਂ ਇਸ ਪਿੰਡ ਦੇ ਵਾਸੀ ਕੋਨੇਸਵਰਨ ਦੇ ਘਰ ਹਾਂ। ਅਸੀਂ ਉਨ੍ਹਾਂ ਨੂੰ ਮਿਲ ਕੇ ਪਤਾ ਕਰਾਂਗੇ ਕਿ ਗੁਰੂ ਨਾਨਕ ਦੇ ਇਸ ਪਿੰਡ ਆਉਣ ਨਾਲ ਜੁੜੀਆਂ ਕਿਸ ਤਰ੍ਹਾਂ ਦੀਆਂ ਯਾਦਾਂ ਮੌਜੂਦਾ ਦੌਰ ਤੱਕ ਪਹੁੰਚੀਆਂ ਹਨ।

ਕੋਨੇਸਵਰਨ: ਜੀ ਆਇਆ ਨੂੰ।

ਅਮਰਦੀਪ ਸਿੰਘ: ਕੋਨੇਸਵਰਨ ਜੀ, ਤੁਸੀਂ ਕਿਵੇਂ ਹੋ?

ਕੋਨੇਸਵਰਨ: ਮੈਂ ਠੀਕ ਹਾਂ।

ਅਮਰਦੀਪ ਸਿੰਘ: ਤੁਹਾਨੂੰ ਮਿਲ ਕੇ ਖ਼ੁਸ਼ੀ ਹੋਈ।

ਕੋਨੇਸਵਰਨ: ਜੀ, ਮੈਨੂੰ ਵੀ ਖ਼ੁਸ਼ੀ ਹੋਈ। ਸ਼ੁਕਰੀਆ। ਆਓ ਜੀ।

ਉਨ੍ਹਾਂ ਦੇ ਪਰਿਵਾਰ ਨਾਲ ਇਬਾਦਤ ਵਿੱਚ ਸ਼ਾਮਿਲ ਹੋ ਕੇ ਅਸੀਂ ਤਹਿ ਦਿਲੋਂ ਖ਼ੁਸ਼ ਹਾਂ। ਇਹ ਬਾਕਮਾਲ ਤਜਰਬਾ ਹੈ।

ਕੋਨੇਸਵਰਨ: ਅੱਜ ਪੋਂਗਲ ਦਾ ਤਿਉਹਾਰ ਹੈ। ਅਸੀਂ ਸੂਰਜ ਦਾ ਸ਼ੁਕਰਾਨਾ ਕਰਦੇ ਹਾਂ ਅਤੇ ਇਸ ਨਾਲ 'ਉੱਤਰਾਇਣ' ਸ਼ੁਰੂ ਹੁੰਦਾ ਹੈ। ਅਸੀਂ ਸੂਰਜ ਦਾ ਸਤਿਕਾਰ ਕਰਦੇ ਹਾਂ।

ਇਬਾਦਤ ਤੋਂ ਬਾਅਦ ਇਸ ਪਰਿਵਾਰ ਨੇ ਤਿਉਹਾਰ ਮਨਾਉਣ ਲਈ ਸਾਨੂੰ ਦਾਅਵਤ ਦਿੱਤੀ ਹੈ।

ਅਮਰਦੀਪ ਸਿੰਘ: ਕੋਨੇਸਵਰਨ ਅਤੇ ਉਸ ਦੇ ਪਰਿਵਾਰ ਨਾਲ ਇਬਾਦਤ ਤੋਂ ਬਾਅਦ ਉਨ੍ਹਾਂ ਦੀ ਦਾਅਵਤ ਦਾ 'ਪ੍ਰਸ਼ਾਦ' ਰੂਹ ਨੂੰ ਸਕੂਨ ਦੇਣ ਵਾਲਾ ਹੈ।

ਕੋਨੇਸਵਰਨ: ਮੇਰੇ ਨਾਨਾ ਜੀ ਨੇ ਦੱਸਿਆ ਸੀ ਕਿ ਗੁਰੂ ਨਾਨਕ ਦੇਵ ਜੀ ਇੱਥੇ ਆਏ ਸਨ ਅਤੇ ਉਨ੍ਹਾਂ ਨੇ ਕਾਟਾਰਾਗਾਮਮ ਜਾਣ ਤੋਂ ਪਹਿਲਾਂ ਇੱਥੇ ਦੋ ਮਹੀਨੇ ਕਿਆਮ ਕੀਤਾ ਸੀ। ਤਾਮਿਲਨਾਡੂ ਅਤੇ ਇੰਡੀਆ ਦੇ ਲੋਕ ਕਾਟਾਰਾਗਾਮਮ ਵਿੱਚ ਇਬਾਦਤ ਕਰਨ ਜਾਣ ਵੇਲੇ ਇਸੇ ਰਾਹ ਤੋਂ ਜਾਂਦੇ ਹਨ।

ਕੋਨੇਸਵਰਨ ਸਾਨੂੰ ਕੁਰੁਕੱਲਮਡਮ ਦੇ ਇਤਿਹਾਸਕ ਸੇਲਈ ਕਾਤਰਗਾਮਮ ਮੰਦਿਰ ਲੈ ਕੇ ਗਏ। ਸਦੀਆਂ ਤੱਕ ਸ਼੍ਰੀ ਲੰਕਾ ਦੇ ਦੱਖਣ ਵਾਲੇ ਪਾਸੇ ਵਸੇ ਕਾਤਰਗਾਮਾ ਸ਼ਹਿਰ ਨੂੰ ਜਾਣ ਵਾਲੇ ਜ਼ਿਆਰਤੀ ਇਸ ਮੰਦਿਰ ਵਿੱਚ ਪੜਾਅ ਕਰਦੇ ਸਨ।

ਅਮਰਦੀਪ ਸਿੰਘ: ਇੱਥੇ ਮੁਰੁਗਨ, ਭਗਵਾਨ ਸ਼ਿਵ ਦੇ ਪੁੱਤਰ ਦੀ ਪੂਜਾ ਹੁੰਦੀ ਹੈ। ਜਦੋਂ ਗੁਰੂ ਨਾਨਕ ਨੇ ਕੁਰੁਕੱਲਮਡਮ ਵਿੱਚ ਕਿਆਮ ਕੀਤਾ ਤਾਂ ਇਸ ਇਲਾਕੇ ਵਿੱਚ 'ਸ਼ਿਵ' ਮੱਤ ਦਾ ਪਸਾਰਾ ਸੀ। ਇਸ ਇਲਾਕੇ ਦੇ ਰਾਜਾ ਸ਼ਿਵ ਨਾਭ ਨੇ ਗੁਰੂ ਨਾਨਕ ਦਾ ਸੁਆਗਤ ਕੀਤਾ। ਸ਼ਿਵ ਨਾਭ ਆਪ ਭਗਵਾਨ ਸ਼ਿਵ ਅਤੇ ਭਗਵਾਨ ਮੁਰੁਗਨ ਦੇ ਉਪਾਸਕ ਸਨ।

ਅਸੀਂ ਹੁਣ ਇੱਕ ਅਸਥਾਨ ਉੱਤੇ ਜਾ ਰਹੇ ਹਾਂ ਜਿੱਥੇ ਪੁਰਾਤਤਵ ਅਵਸ਼ੇਸ਼ ਮਿਲਦੇ ਹਨ।

ਅਮਰਦੀਪ ਸਿੰਘ: ਸੇਲਈ ਕਾਤਰਗਾਮਮ ਮੰਦਿਰ ਦੇ ਲਾਗੇ ਹੁਣ ਵੀ ੫੦੦ ਤੋਂ ੭੦੦ ਸਾਲ ਪੁਰਾਣੇ ਪੱਥਰ ਮਿਲਦੇ ਹਨ। ਪਿੰਡ ਵਾਸੀ ਮੰਨਦੇ ਹਨ ਕਿ ਇਸ ਤਰ੍ਹਾਂ ਦੇ ਪੱਥਰ ਪੂਰੇ ਇਲਾਕੇ ਵਿੱਚ ਖਿੰਡੇ ਪਏ ਹਨ ਅਤੇ ਇਨ੍ਹਾਂ ਦਾ ਖ਼ਸੂਸੀ ਇਸਤੇਮਾਲ ਹੁੰਦਾ ਸੀ। ਉਹ ਕਹਿੰਦੇ ਹਨ ਕਿ ਇਸ ਪੱਥਰ ਦਾ ਇਸਤੇਮਾਲ ਜ਼ਿਆਰਤੀਆਂ ਦੇ ਤੰਬੂ ਵਾਸਤੇ ਖੰਭਾ ਲਗਾਉਣ ਲਈ ਹੁੰਦਾ ਸੀ।

ਇਨ੍ਹਾਂ ਨਿਸ਼ਾਨੀਆਂ ਦੇ ਸਬੂਤ ਹੋਣ ਦੀ ਗੁੰਜਾਇਸ਼ ਨੂੰ ਵੇਖਦੇ ਹੋਏ ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸ਼ਾਇਦ ਗੁਰੂ ਨਾਨਕ ਅਤੇ ਭਾਈ ਮਰਦਾਨਾ ਇੱਥੇ ਆਏ ਹੋਣ ਅਤੇ ਉਨ੍ਹਾਂ ਨੇ ਜ਼ਿਆਰਤੀਆਂ ਅਤੇ ਰੂਹਾਨੀਅਤ ਦੇ ਆਰਜ਼ੂਮੰਦਾਂ ਨਾਲ ਗੋਸ਼ਟਿ ਕਰਨ ਲਈ ਕਿਆਮ ਕੀਤਾ ਹੋਵੇ।

ਅਸੀਂ ਹੁਣ ਸੇਲਈ ਕਾਤਰਗਾਮਮ ਦੇ ਲਾਗੇ ਉਸ ਅਸਥਾਨ ਉੱਤੇ ਜਾ ਰਹੇ ਹਾਂ ਜਿੱਥੇ ਗੁਰਦਵਾਰੇ ਦੀ ਉਸਾਰੀ ਕੀਤੀ ਜਾ ਰਹੀ ਹੈ।

ਅਮਰਦੀਪ ਸਿੰਘ: ਸ਼੍ਰੀ ਲੰਕਾ ਦੇ ਪੂਰਬੀ ਤਟ ਉੱਤੇ ਕੋਈ ਸਿੱਖ ਆਬਾਦੀ ਨਹੀਂ ਹੈ। ਇਹ ਦਿਲ ਨੂੰ ਛੂਹ ਜਾਣ ਵਾਲੀ ਗੱਲ ਹੈ ਕਿ ਕੁਰੁਕੱਲਮਡਮ ਵਿੱਚ ਗੁਰੂ ਨਾਨਕ ਦੇ ਆਉਣ ਦੀ ਯਾਦ ਵਿੱਚ ਸਿੱਖਾਂ ਅਤੇ ਕੋਲੰਬੋ ਵਿੱਚ ਵਸਦੇ ਪੰਜਾਬੀ ਹਿੰਦੂਆਂ ਦੇ ਸਾਂਝੇ ਉਪਰਾਲਿਆਂ ਨਾਲ ਇਹ ਗੁਰਦਵਾਰਾ ਬਣ ਰਿਹਾ ਹੈ। ਸ਼੍ਰੀ ਲੰਕਾ ਦੇ ਮੁਕਾਮੀ ਤਾਮਿਲ ਇਸ ਅਸਥਾਨ ਦੀ ਸੇਵਾ-ਸੰਭਾਲ ਕਰਦੇ ਹਨ।

ਮੈਂ ਇੱਥੇ ਸੁਦਰਸ਼ਨ ਨਾਲ ਹਾਂ ਜੋ ਸ਼੍ਰੀ ਲੰਕਾ ਦੇ ਤਾਮਿਲ ਹਨ ਅਤੇ ਗੁਰੂ ਨਾਨਕ ਦੇ ਇੱਥੇ ਆਉਣ ਦੀ ਯਾਦਗਾਰ ਵਜੋਂ ਬਣਾਏ ਜਾ ਰਹੇ ਗੁਰਦਵਾਰੇ ਦੀ ਉਸਾਰੀ ਦੀ ਦੇਖਭਾਲ ਕਰ ਰਹੇ ਹਨ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਕੁਰੁਕੱਲਮਡਮ ਤੋਂ ਸ਼੍ਰੀ ਲੰਕਾ ਵਿੱਚ ਦੱਖਣ ਵਾਲੇ ਪਾਸੇ ਨੂੰ ਕਾਤਰਗਾਮਾ ਦਾ ਸਫ਼ਰ ਕੀਤਾ।

ਅਸੀਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਕਾਰਤਗਾਮਾ ਜਾ ਰਹੇ ਹਾਂ ਜੋ ਮੇਨਿਕ ਗੰਗਾ ਨਦੀ ਦੇ ਕਿਨਾਰੇ ਆਬਾਦ ਹੈ। ਇਹ ਕਸਬਾ ਜ਼ਿਆਰਤੀਆਂ ਲਈ ਮੁਕੱਦਸ ਅਸਥਾਨ ਹੈ ਕਿਉਂਕਿ ਇਹ ਹਿੰਦੂਆਂ, ਬੋਧੀਆਂ ਅਤੇ ਸ਼੍ਰੀ ਲੰਕਾ ਦੇ ਮੂਲ ਵਾਸੀ 'ਵੇੱਦਾ' ਲੋਕਾਂ ਲਈ ਪਵਿੱਤਰ ਅਸਥਾਨ ਹੈ।

ਕਾਤਰਗਾਮਾ ਮੰਦਿਰ ਇਬਾਦਤ ਦਾ ਸਾਂਝਾ ਅਸਥਾਨ ਹੈ। ਹਿੰਦੂ ਇਸ ਮੰਦਿਰ ਦੇ ਦੇਵਤਾ ਨੂੰ ਭਗਵਾਨ ਸ਼ਿਵ ਦੇ ਪੁੱਤਰ ਸੁਭਰਾਮਾਨਯਾ ਵਜੋਂ ਪੂਜਦੇ ਹਨ। ਬੋਧੀ ਇਸ ਇਮਾਰਤ ਵਿੱਚ ਖੜ੍ਹੇ ਬਿਰਖ ਨੂੰ ਬੋਧੀ ਬਿਰਖ ਮੰਨਦੇ ਹਨ ਅਤੇ ਮੰਨਿਆ ਜਾਂਦਾ ਹੈ ਕਿ ਇਹ ਬਿਰਖ ਬੋਧੀਆਂ ਨੇ ਤੀਜੀ ਸਦੀ ਵਿੱਚ ਲਗਾਇਆ ਸੀ। ਮੰਨਿਆ ਜਾਂਦਾ ਹੈ ਕਿ ਮਹਾਤਮਾ ਬੁੱਧ ਨੇ ਇਸ ਅਸਥਾਨ ਨੂੰ ਪਵਿੱਤਰ ਕੀਤਾ ਸੀ। ਮੂਲ ਵਾਸੀ 'ਵੇੱਦਾ' ਲੋਕਾਂ ਦਾ ਮੰਨਣਾ ਹੈ ਕਿ ਇਸ ਮੰਦਿਰ ਦਾ ਦੇਵਤਾ ਮੁਹਾਫ਼ਿਜ਼ ਫਰਿਸ਼ਤਾ ਹੈ।

ਆਵਉ ਵੰਞਉ ਡੁੰਮਣੀ ਕਿਤੀ ਮਿਤ੍ਰ ਕਰੇਉ॥
ਸਾ ਧਨ ਢੋਈ ਨ ਲਹੈ ਵਾਢੀ ਕਿਉ ਧੀਰੇਉ॥
(ਰਾਗ ਮਾਰੂ ਕਾਫੀ, ਗੁਰੂ ਨਾਨਕ)

ਦੁਚਿੱਤੀ ਵਾਲੇ ਮਨੁੱਖ ਭਟਕਦੇ ਰਹਿੰਦੇ ਹਨ, ਭਾਵੇਂ ਉਹ ਕਈ ਗੁਣਾਂ ਦੇ ਧਾਰਨੀ ਹੁੰਦੇ ਹਨ।
ਇਸੇ ਤਰ੍ਹਾਂ ਚੇਤਨਾ ਤੋਂ ਵਿਛੜੀ ਆਤਮਾ ਨੂੰ ਕੋਈ ਢੋਈ ਨਹੀਂ ਮਿਲਦੀ। ਉਹ ਧੀਰਜ ਕਿਵੇਂ ਧਰੇ?
(ਰਾਗ ਮਾਰੂ ਕਾਫੀ, ਗੁਰੂ ਨਾਨਕ)

ਇਹ ਦਿਲਚਸਪ ਹੈ ਕਿ ਕਾਤਰਗਾਮਾ ਮੰਦਿਰ ਵਿੱਚ ਤਿੰਨ ਵੱਖਰੀਆਂ-ਵੱਖਰੀਆਂ ਮਨੌਤਾਂ ਵਾਲੇ ਸ਼ਰਧਾਲੂ ਇਬਾਦਤ ਕਰਦੇ ਹਨ। ਇੱਕੋ ਇਮਾਰਤ ਵਿੱਚ ਮਨੁੱਖਾ ਮਨ ਨੇ ਇੱਕ ਨੂੰ ਦੂਜੇ ਤੋਂ ਵਿਛੋੜ ਰੱਖਿਆ ਹੈ। ਮੈਂ

ਮਨੁੱਖਾ ਮਨ ਦੇ ਇਸ ਸਿੱਧਰੇਪਣ ਨੂੰ ਸੁਆਲ ਕਰਦਾ ਹਾਂ ਕਿ ਉਹ ਦਵੈਤ ਦਾ ਦੁੱਖ ਝਲਦਾ ਹੈ ਅਤੇ ਇਤਫ਼ਾਕ ਦੀ ਖ਼ੁਸ਼ੀ ਨੂੰ ਨਜ਼ਰਅੰਦਾਜ਼ ਕਰਦਾ ਹੈ। ਗੁਰੂ ਨਾਨਕ ਨੇ ਕਿਹਾ ਹੈ ਕਿ ਦਵੈਤ ਬੇਚੈਨੀ ਦਾ ਕਾਰਨ ਹੈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਕਾਤਰਗਾਮਾ ਤੋਂ ਉੱਤਰ ਵਾਲੇ ਪਾਸੇ ਨੂੰ ਸਫ਼ਰ ਕੀਤਾ ਅਤੇ ਨੁਵਾਰਾ ਏਲੀਯਾ ਜਾਣ ਲਈ ਪਹਾੜੀ ਰਾਹ ਉੱਤੇ ਚੜ੍ਹਾਈ ਸ਼ੁਰੂ ਕੀਤੀ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਅਸੀਂ ਮਨਮੋਹਕ ਨਜ਼ਾਰਿਆਂ ਵਾਲੇ ਸ਼ਹਿਰ ਨੁਵਾਰਾ ਏਲੀਯਾ ਜਾ ਰਹੇ ਹਾਂ। ਨੁਵਾਰਾ ਏਲੀਯਾ ਦਾ ਮਾਅਨਾ ਹੈ, 'ਰੌਸ਼ਨੀ ਦਾ ਸ਼ਹਿਰ'। ਇਹ ਸ਼ਹਿਰ 'ਰਾਮਾਇਣ' ਨਾਲ ਜੁੜਿਆ ਹੋਇਆ ਹੈ।

ਅਸੀਂ ਇਤਿਹਾਸਕ ਸੀਤਾ ਅਮਨ ਮੰਦਿਰ ਜਾ ਰਹੇ ਹਾਂ।

ਅਮਰਦੀਪ ਸਿੰਘ: ਨੁਵਾਰਾ ਏਲੀਯਾ ਵਿੱਚ ਇਸ ਥਾਂ ਉੱਤੇ ਰਾਵਣ ਨੇ ਸੀਤਾ ਨੂੰ ਨਜ਼ਰ ਬੰਦ ਰੱਖਿਆ ਸੀ। ਸ੍ਰੀ ਲੰਕਾ ਦੀ ਯਾਤਰਾ ਦੌਰਾਨ ਗੁਰੂ ਨਾਨਕ ਇਸ ਅਸਥਾਨ ਉੱਤੇ ਵੀ ਆਏ ਸਨ। ਉਨ੍ਹਾਂ ਨੇ ਆਪਣੇ ਸ਼ਬਦ ਰਾਹੀਂ ਡੂੰਘਾ ਸੁਨੇਹਾ ਦਿੱਤਾ ਸੀ,

ਸੀਤਾ ਲਖਮਣੁ ਵਿਛੁੜਿ ਗਇਆ॥
ਰੋਵੈ ਦਹਸਿਰੁ ਲੰਕ ਗਵਾਇ॥
(ਗੁਰੂ ਨਾਨਕ)

ਸੀਤਾ ਤੇ ਲਛਮਣ ਦਾ ਵਿਛੋੜਾ ਹੋ ਗਿਆ।
ਦਸ ਸਿਰਾਂ ਵਾਲੇ ਰਾਵਣ ਤੋਂ ਲੰਕਾ ਖੁੱਸ ਗਈ ਤਾਂ ਉਸ ਨੂੰ ਰੋਣਾਂ ਪਿਆ।
(ਗੁਰੂ ਨਾਨਕ)

ਇਸ ਸੁਨੇਹੇ ਦਾ ਮਾਅਨਾ ਸਾਫ਼ ਸੀ ਕਿ ਮਹਾਨ ਜੀਆਂ ਨੂੰ ਵੀ ਆਪਣੇ ਕਰਮਾਂ ਦਾ ਕੀਤਾ ਮਿਲਣਾ ਹੈ। ਅਮਲਾਂ ਦੇ ਨਾਲ ਜੁੜੇ ਇਰਾਦੇ ਸਭ ਤੋਂ ਅਹਿਮ ਹਨ।

'ਰਾਮਾਇਣ' ਦੀ ਕਹਾਣੀ ਇਹ ਹੈ ਕਿ ਰਾਜਾ ਰਾਮਚੰਦਰ ਦਾ ਪੁਰਜੋਸ਼ ਭਗਤ ਬਾਂਦਰ ਦੇਵਤਾ ਹਨੂਮਾਨ ਸੀਤਾ ਦੀ ਭਾਲ ਵਿੱਚ ਇਨ੍ਹਾਂ ਕੁਦਰਤੀ ਨਜ਼ਾਰਿਆਂ ਵਿੱਚ ਪਹੁੰਚ ਗਿਆ ਜਿਸ ਨੂੰ 'ਅਸ਼ੋਕ ਵਾਟਿਕਾ' ਕਿਹਾ ਜਾਂਦਾ ਸੀ। ਉਸ ਨੇ 'ਅਸ਼ੋਕ' ਦੇ ਇੱਕ ਦਰਖਤ ਤੋਂ ਹੇਠਾਂ ਛਲਾਂਗ ਮਾਰੀ ਜਿਸ ਦੇ ਹੇਠਾਂ ਸੀਤਾ ਨੂੰ ਬੰਦੀ ਬਣਾਇਆ ਗਿਆ ਸੀ। ਲੋਕਾਂ ਦਾ ਮੰਨਣਾ ਹੈ ਕਿ ਇਸ ਅਸਥਾਨ ਦੇ ਪੱਥਰਾਂ ਉੱਤੇ ਬਣੇ ਨਿਸ਼ਾਨ ਹਨੂਮਾਨ ਦੇ ਪੈਰਾਂ ਦੀਆਂ ਨਿਸ਼ਾਨੀਆਂ ਹਨ।

ਰਾਮਚੰਦਿ ਮਾਰਿਓ ਅਹਿ ਰਾਵਣੁ॥
ਭੇਦੁ ਬਭੀਖਣ ਗੁਰਮੁਖਿ ਪਰਚਾਇਣੁ॥

ਗੁਰਮੁਖਿ ਸਾਇਰਿ ਪਾਹਣ ਤਾਰੇ॥
ਗੁਰਮੁਖਿ ਕੋਟਿ ਤੇਤੀਸ ਉਧਾਰੇ॥
(ਗੁਰੂ ਨਾਨਕ)

ਵਿਵੇਕ ਰੂਪੀ ਰਾਮ ਚੰਦਰ ਨੇ ਹੰਕਾਰ ਰੂਪੀ ਰਾਵਣ ਨੂੰ ਮਾਰ ਮੁਕਾਇਆ ਹੈ।
ਗਿਆਨ ਰੂਪੀ ਬਭੀਖਣ ਨੇ ਭੇਦ ਖੋਲ੍ਹਿਆ ਹੈ ਜੋ ਰੂਹਾਨੀ ਆਰਜ਼ੂਮੰਦ ਨੇ ਸਮਝਿਆ ਹੈ।
ਰੂਹਾਨੀਤ ਦੇ ਪਾਂਧੀਆਂ ਨੇ ਦੁਨਿਆਵੀ ਸਮੁੰਦਰ ਦੀਆਂ ਰੋਕਾਂ ਪਾਰ ਕੀਤੀਆਂ ਹਨ।
ਰੂਹਾਨੀ ਆਰਜ਼ੂਮੰਦ ਆਪਣੇ ਵਿਵੇਕ ਨਾਲ ਕਰੋੜਾਂ ਪਰਜਾਤੀਆਂ ਦਾ ਪਾਰ-ਉਤਾਰਾ ਕਰਦਾ ਹੈ।
(ਗੁਰੂ ਨਾਨਕ)

ਗੁਰੂ ਨਾਨਕ ਨੇ ਅਯੋਧਿਆ ਦੇ ਰਾਜਾ ਰਾਮਚੰਦਰ ਦੀ ਸ਼੍ਰੀ ਲੰਕਾ ਦੇ ਰਾਜਾ ਰਾਵਣ ਉੱਤੇ ਜਿੱਤ ਨੂੰ ਮਨੁੱਖ ਅੰਦਰ ਚਲ ਰਹੀ ਨੇਕੀ ਅਤੇ ਬਦੀ ਦੀ ਲੜਾਈ ਦੀ ਤਸ਼ਬੀਹ ਵਜੋਂ ਇਸਤੇਮਾਲ ਕੀਤਾ ਹੈ।

ਥਿਲੀਨੀ ਰੋਡਰਿਗੋ: ਮੈਨੂੰ ਗੁਰੂ ਨਾਨਕ ਦੇ ਸ਼੍ਰੀ ਲੰਕਾ ਬਾਰੇ ਸ਼ਬਦ ਮਿਲੇ। ਮੈਨੂੰ ਨਹੀਂ ਪਤਾ ਸੀ ਕਿ ਉਹ ਕਦੇ ਸ਼੍ਰੀ ਲੰਕਾ ਆਏ ਸਨ। ਮੈਂ ਗੁਰੂ ਨਾਨਕ ਦੇ ਸ਼ਬਦ ਨੂੰ 'ਸਿੰਹਾਲਾ' ਲੋਕ ਧੁਨ ਵਿੱਚ ਗਾਇਆ ਹੈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਨੁਵਾਰਾ ਏਲੀਯਾ ਤੋਂ ਸੀਤਾਵਾਕਾ ਦਾ ਸਫ਼ਰ ਕੀਤਾ ਜਿਸ ਨੂੰ ਹੁਣ ਅਵੀਸਾਵੇਲਾ ਕਹਿੰਦੇ ਹਨ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਅਸੀਂ ਨੁਵਾਰਾ ਏਲੀਯਾ ਤੋਂ ਅਵੀਸਾਵੇਲਾ ਜਾ ਰਹੇ ਹਾਂ।

ਦੱਸਿਆ ਜਾਂਦਾ ਹੈ ਕਿ ਰਾਮਚੰਦਰ ਦੀ ਪਤਨੀ ਸੀਤਾ ਦੇ ਨਾਮ ਉੱਤੇ ਇਸ ਸ਼ਹਿਰ ਦਾ ਨਾਮ ਸੀਤਾਵਾਕਾ ਰੱਖਿਆ ਗਿਆ ਸੀ ਕਿਉਂਕਿ ਬੰਦੀ ਬਣਾਉਣ ਤੋਂ ਬਾਅਦ ਰਾਵਣ ਨੇ ਉਨ੍ਹਾਂ ਨੂੰ ਇੱਥੇ ਵੀ ਰੱਖਿਆ ਸੀ।

ਵਿਗਾਸ ਦੀ ਤਰਕੀਬ ਅਤੇ ਸ਼ਹਿਰ ਦੇ ਬਦਲ ਰਹੇ ਨਾਵਾਂ ਨਾਲ ਮੈਨੂੰ ਅਹਿਸਾਸ ਹੁੰਦਾ ਹੈ ਕਿ ਸਾਡੀ ਹੋਂਦ ਕਿੰਨੀ ਨਾਜ਼ੁਕ ਤੰਦ ਨਾਲ ਬੰਨ੍ਹੀ ਹੋਈ ਹੈ। ਗੁਰੂ ਨਾਨਕ ਨੇ ਫ਼ਰਮਾਇਆ ਕਿ ਸਭ ਕੁਝ ਗਤੀ ਵਿੱਚ ਹੈ ਅਤੇ ਸਿਰਫ਼ ਸਾਡੀ ਹੋਂਦ ਨੂੰ ਰੁਸ਼ਨਾਉਣ ਵਾਲੀ ਤਾਕਤ ਹੀ ਸਥਾਈ ਹੈ।

ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥
(ਜਪੁ, ਗੁਰੂ ਨਾਨਕ)

ਆਦਿ ਅਤੇ ਅਨੀਲ ਜੋਤ ਦਾ ਕੋਈ ਸ਼ੁਰੂ ਅਤੇ ਅੰਤ ਨਹੀਂ। ਇਹ ਸਦਾ ਇੱਕੋ ਵੇਸ ਵਿੱਚ ਹੈ।
(ਜਪੁ, ਗੁਰੂ ਨਾਨਕ)

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਅਵੀਸਾਵੇਲਾ ਤੋਂ ਕੋਟੇ ਦਾ ਸਫ਼ਰ ਕੀਤਾ ਜੋ ਹੁਣ ਸ਼੍ਰੀ ਲੰਕਾ ਦੀ ਰਾਜਧਾਨੀ ਕੋਲੰਬੋ ਦਾ ਹਿੱਸਾ ਹੈ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਅਸੀਂ ਰੇਲਗੱਡੀ ਰਾਹੀਂ ਕੋਲੰਬੋ ਜਾ ਰਹੇ ਹਾਂ।

ਅਮਰਦੀਪ ਸਿੰਘ: ਇਸ ਸਟੇਸ਼ਨ ਦਾ ਨਾਮ 'ਮਾਰਾਦਾਨਾ' ਹੈ। ਇਹ ਨਾਮ ਮੇਰੇ ਮਨ ਵਿੱਚ ਜਗਿਆਸਾ ਜਗਾਉਂਦਾ ਹੈ। ਇਹ ਨਾਮ ਗੁਰੂ ਨਾਨਕ ਦੀਆਂ ਉਦਾਸੀਆਂ ਦੌਰਾਨ ਤਾਉਮਰ ਉਨ੍ਹਾਂ ਦੇ ਸੰਗੀ ਰਹੇ ਭਾਈ ਮਰਦਾਨਾ ਦੇ ਨਾਮ ਨਾਲ ਮੇਲ਼ ਖਾਂਦਾ ਹੈ।

'ਜਨਮਸਾਖੀਆਂ' ਵਿੱਚ ਗੁਰੂ ਨਾਨਕ ਦੇ ਸੰਗੀ ਰਬਾਬੀ ਭਾਈ ਮਰਦਾਨਾ ਦੀ ਪੇਸ਼ਕਾਰੀ ਉਨ੍ਹਾਂ ਨੂੰ ਦਰਪੇਸ਼ ਔਕੜਾਂ ਦੇ ਹਵਾਲੇ ਨਾਲ ਹੋਈ ਹੈ। ਹਰ ਔਕੜ ਉਨ੍ਹਾਂ ਦੇ ਰਾਹ ਵਿੱਚ ਆਉਂਦੀ ਹੈ ਅਤੇ ਅੰਤ ਨੂੰ ਉਹ ਔਕੜ ਸਰ ਕਰ ਲੈਂਦੇ ਹਨ। ਆਪਣੀ ਨਿਮਾਣੀ ਜਿਹੀ ਸਮਝ ਵਿੱਚ ਮੈਨੂੰ ਮਰਦਾਨਾ ਦੇ ਸੰਘਰਸ਼ ਮਨੁੱਖਾ ਹੋਂਦ ਨੂੰ ਦਰਪੇਸ਼ ਦੁਨਿਆਵੀ ਚਣੌਤੀਆਂ ਦਾ ਤਸ਼ਬੀਹੀ ਰੂਪ ਜਾਪਦੇ ਹਨ।

ਗੁਰਮੁਖਿ ਅਲਿਪਤੁ ਲੇਪੁ ਕਦੇ ਨ ਲਾਗੈ ਸਦਾ ਰਹੈ ਸਰਣਾਈ॥
ਮਨਮੁਖੁ ਮੁਗਧੁ ਆਗੈ ਚੇਤੈ ਨਾਹੀ ਦੁਖਿ ਲਾਗੈ ਪਛੁਤਾਈ॥
(ਰਾਗ ਪ੍ਰਭਾਤੀ, ਗੁਰੂ ਨਾਨਕ)

ਰੂਹਾਨੀਅਤ ਦਾ ਪਾਂਧੀ ਬੇਲਾਗ ਰਹਿੰਦਾ ਹੈ ਅਤੇ ਮਲੀਨਤਾ ਕਦੇ ਉਸ ਦੇ ਲਾਗੇ ਨਹੀਂ ਲਗਦੀ। ਉਹ ਆਪਣੇ ਅੰਦਰਲੇ ਚੈਨ ਦੀ ਪਨਾਹਗਾਹ ਵਿੱਚ ਰਹਿੰਦਾ ਹੈ।
ਮਨ ਦੀ ਮੰਨਣ ਵਾਲਾ ਕਦੇ ਅੱਗੇ ਦੀ ਨਹੀਂ ਸੋਚਦਾ। ਉਹ ਦੁੱਖ ਅਤੇ ਪਛਤਾਵੇ ਵਿੱਚ ਫਸਿਆ ਰਹਿੰਦਾ ਹੈ।
(ਰਾਗ ਪ੍ਰਭਾਤੀ, ਗੁਰੂ ਨਾਨਕ)

ਰੂਹਾਨੀਅਤ ਦਾ ਪਾਂਧੀ ਹਨੇਰੇ ਨੂੰ ਰੌਸ਼ਨੀ ਨਾਲ ਚਾਕ ਕਰ ਕੇ ਆਪਣੇ ਗਿਆਨ ਵਿੱਚ ਵਧਾਰੇ ਦਾ ਆਰਜ਼ੂਮੰਦ ਹੈ। ਮਰਦਾਨੇ ਦੀ ਜ਼ਿੰਦਗੀ ਰੂਹਾਨੀ ਝੁਕਾਅ ਵਾਲੇ 'ਗੁਰਮੁਖ' ਦੀ ਮਿਸਾਲੀ ਜ਼ਿੰਦਗੀ ਹੈ।

ਅਮਰਦੀਪ ਸਿੰਘ: ਕੋਲੰਬੋ ਹੁਣ ਸ਼੍ਰੀ ਲੰਕਾ ਦੀ ਰਾਜਧਾਨੀ ਹੈ ਜਿੱਥੇ ਸਿੰਹਾਲੀ, ਈਸਾਈ ਅਤੇ ਬੋਧੀ ਲੋਕ ਰਹਿੰਦੇ ਹਨ।

ਗੁਰੂ ਨਾਨਕ ਦੇ ਦੌਰ ਵਿੱਚ ਸ਼੍ਰੀ ਲੰਕਾ ਦੇ ਟਾਪੂ ਦੇ ਪੱਛਮੀ ਪਾਸੇ ਬੁਨਿਆਦੀ ਤੌਰ ਉੱਤੇ ਬੁੱਧ ਧਰਮ ਦਾ ਪਸਾਰਾ ਸੀ।

ਸੁਬਾਸ਼ ਚਾਵਲਾ: ਗੁਰੂ ਸਾਹਿਬ ਇੱਥੇ ਕੋਟੇ ਦੇ ਨੌਂਵੇਂ ਰਾਜਾ ਧਰਮ ਪਾਰਾਕਰਾਮਾਬਾਹੁ ਦੇ ਦੌਰ ਵਿੱਚ ਆਏ ਸਨ ਅਤੇ ਉਨ੍ਹਾਂ ਦੇ ਆਪਸੀ ਸੰਵਾਦ ਦੀਆਂ ਗਵਾਹੀਆਂ ਮਿਲਦੀਆਂ ਹਨ। ਮੇਰੇ ਖ਼ਿਆਲ ਵਿੱਚ ਉਹ ਰਹੱਸਮਈ ਸ਼ਖ਼ਸੀਅਤ ਸਨ। ਉਹ ਆਪਣੇ ਦੌਰ ਦੀ ਸਭ ਤੋਂ ਵੱਧ ਘੁੰਮੀ-ਫਿਰੀ ਮੁਅੱਜ਼ਜ਼ ਮਜ਼ਹਬੀ ਸ਼ਖ਼ਸੀਅਤ ਸਨ।

ਅਮਰਦੀਪ ਸਿੰਘ: ਬੁੱਧ ਦਾ ਜਨਮ ਇੰਡੀਆ ਵਿੱਚ ਹੋਇਆ ਸੀ ਅਤੇ ਈਸਾ ਤੋਂ ਪਹਿਲਾਂ ਬੁੱਧ ਮੱਤ ਸ਼੍ਰੀ ਲੰਕਾ ਵਿੱਚ ਪਹੁੰਚ ਗਿਆ ਸੀ। ਬੁੱਧ ਨੇ ਤਰਜ਼ਿ-ਜ਼ਿੰਦਗੀ ਬਾਰੇ ਸਿੱਖਿਆਵਾਂ ਦਿੱਤੀਆਂ। ਉਨ੍ਹਾਂ ਨੇ ਰੱਬ ਦੀ ਹੋਂਦ ਜਾਂ ਅਣਹੋਂਦ ਬਾਰੇ ਕੋਈ ਫ਼ੈਸਲਾ ਨਹੀਂ ਦਿੱਤਾ।

ਜਦੋਂ ਸ਼੍ਰੀ ਲੰਕਾ ਦੇ ਸੰਘਰਾਜਾ, ਮੁੱਖ ਬੋਧ ਭਿਕਸ਼ੂ ਨੇ ਗੁਰੂ ਨਾਨਕ ਦੇ ਜਾਤ, ਕਰਮ ਕਾਂਡ ਅਤੇ ਬੁੱਤਪ੍ਰਸਤੀ ਬਾਰੇ ਵਿਚਾਰਾਂ ਨੂੰ ਸੁਣਿਆ ਤਾਂ ਉਨ੍ਹਾਂ ਨੂੰ ਸੰਘ ਵਿੱਚ ਆਉਣ ਦਾ ਸੱਦਾ ਦਿੱਤਾ। ਬੋਧ ਭਿਕਸ਼ੂਆਂ ਨਾਲ ਗੋਸ਼ਟਿ ਵਿੱਚ ਗੁਰੂ ਨਾਨਕ ਨੇ ਰੂਹਾਨੀਅਤ ਬਾਰੇ ਆਪਣੇ ਬੁਨਿਆਦੀ ਵਿਚਾਰ ਪੇਸ਼ ਕੀਤੇ।

ਜਿਨਿ ਸੇਵਿਆ ਤਿਨਿ ਪਾਇਆ ਮਾਨੁ॥
ਨਾਨਕ ਗਾਵੀਐ ਗੁਣੀ ਨਿਧਾਨੁ॥
ਗਾਵੀਐ ਸੁਣੀਐ ਮਨਿ ਰਖੀਐ ਭਾਉ॥
ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥
ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ॥
(ਜਪ, ਗੁਰੂ ਨਾਨਕ)

ਬੇਗ਼ਰਜ਼ ਸੇਵਾ ਕਰਨ ਵਾਲਿਆਂ ਨੂੰ ਮਾਣ ਮਿਲਦਾ ਹੈ।
ਨਾਨਕ ਨੇ ਫ਼ਰਮਾਇਆ ਕਿ ਗੁਣਾਂ ਦੇ ਖ਼ਜ਼ਾਨਿਆਂ ਦਾ ਆਸਰਾ ਲਓ।
ਇਸੇ ਨੂੰ ਗਾਓ, ਸੁਣੋ ਅਤੇ ਇਸ ਦਾ ਭਾਵ ਮਨ ਵਿੱਚ ਵਸਾ ਕੇ ਰੱਖੋ।
ਦੁੱਖ ਤੋਂ ਛੁਟਕਾਰਾ ਪਾਓ ਅਤੇ ਸੁੱਖ ਨੂੰ ਮਨ ਵਿੱਚ ਵਾਸ ਕਰਨ ਦਿਓ।
ਰੂਹਣੀਅਤ ਦੇ ਪਾਂਧੀ ਦੇ ਬੋਲ ਗੁਣੀ ਹਨ। ਰੂਹਣੀਅਤ ਦੇ ਪਾਂਧੀ ਦੇ ਬੋਲਾਂ ਵਿੱਚ ਵਿਵੇਕ ਹੈ।
ਰੂਹਣੀਅਤ ਦਾ ਪਾਂਧੀ ਵਹਿਦਤ ਵਿੱਚ ਰਮਇਆ ਰਹਿੰਦਾ ਹੈ।
(ਜਪੁ, ਗੁਰੂ ਨਾਨਕ)

ਕੋਈ ਕਿਸੇ ਰਾਹ ਉੱਤੇ ਜਾਣ ਦਾ ਫ਼ੈਸਲਾ ਕਰ ਲਵੇ ਪਰ ਹਰ ਫ਼ਲਸਫ਼ੇ ਵਿੱਚ ਇਖ਼ਲਾਕ ਦੀਆਂ ਜੜ੍ਹਾਂ ਇੱਕੋ-ਜਿਹੀਆਂ ਡੂੰਘੀਆਂ ਲੱਗੀਆਂ ਹੋਈਆਂ ਹਨ। ਗੁਰੂ ਨਾਨਕ ਨੇ ਫ਼ਰਮਾਇਆ ਕਿ ਆਪਣੇ ਅੰਦਰ ਅਤੇ ਦੂਜਿਆਂ ਨੂੰ ਰੁਸ਼ਨਾਉਣ ਦੇ ਇਰਾਦਿਆਂ ਨੂੰ ਇਲਾਹੀ ਵਿਵੇਕ ਅਤੇ ਏਕੇ ਦੇ ਫਲ ਲਗਦੇ ਹਨ।

ਅਮਰਦੀਪ ਸਿੰਘ: ਬਾਬਾ ਨਾਨਕ ਸ਼੍ਰੀ ਲੰਕਾ ਆਏ ਸਨ ਅਤੇ ਉਨ੍ਹਾਂ ਤੋਂ ਸਦੀਆਂ ਬਾਅਦ ਸ਼੍ਰੀ ਲੰਕਾ ਦੇ ਇਸ ਟਾਪੂ ਉੱਤੇ ਗੁਰੂ ਨਾਨਕ ਦੇ ਨਾਮਲੇਵਾ ਦਿਸਣ ਲੱਗੇ। ਪਹਿਲਾਂ ਪਾਕਿਸਤਾਨ ਦੇ ਇਲਾਕੇ ਵਿੱਚੋਂ ਸਿੰਧੀ ਆਏ ਸਨ ਅਤੇ ਉੱਨੀ ਸੌ ਸੰਤਾਲੀ ਤੋਂ ਬਾਅਦ ਪਿਛਲੇ ਸੱਤ ਦਹਾਕਿਆਂ ਦੌਰਾਨ ਬਹੁਤ ਸਾਰੇ ਪੰਜਾਬੀ ਆਏ ਹਨ। ਕੋਲੰਬੋ ਦੀ ਨਾਨਕ ਨਾਮਲੇਵਾ ਸੰਗਤ ਬੁਨਿਆਦੀ ਤੌਰ ਉੱਤੇ ਇਨ੍ਹਾਂ ਦੋ ਬਰਾਦਰੀਆਂ ਵਿੱਚੋਂ ਹੈ।

ਅਸੀਂ ਸ਼੍ਰੀ ਲੰਕਾ ਦੀ ਸਿੰਧੀ ਐਸੋਸੀਏਸ਼ਨ ਦੇ ਅਸਥਾਨ ਉੱਤੇ ਜਾ ਰਹੇ ਹਾਂ ਜੋ ਇਬਾਦਤ ਦੀ ਸਾਂਝੀ ਥਾਂ ਹੈ। ਇਨ੍ਹਾਂ ਦੇ ਵਸੀਹ ਮਜ਼ਹਬੀ ਦਸਤੂਰ ਵਿੱਚ ਗੁਰੂ ਨਾਨਕ ਦੀ ਅਨਿੱਖੜਵੀਂ ਥਾਂ ਹੈ।

ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ ॥
(ਸਲੋਕ, ਗੁਰੂ ਅਮਰਦਾਸ)

ਜਦੋਂ ਅੰਮ੍ਰਿਤ ਵੇਲੇ ਬੰਬੀਹਾ (ਆਤਮਾ) ਬੋਲਦਾ (ਸੋਚ-ਵਿਚਾਰ) ਹੈ ਤਾਂ ਇਸ ਦੀ ਪੁਕਾਰ ਇਲਾਹੀ ਦਰਬਾਰ ਵਿੱਚ ਸੁਣੀ ਜਾਂਦੀ ਹੈ।
(ਸਲੋਕ, ਗੁਰੂ ਅਮਰਦਾਸ)

ਵੰਦਨਾ ਬਖਸ਼ਾਨੀ: ਸਿੰਧੀ ਬਰਾਦਰੀ ਦਾ ਗੁਰੂ ਨਾਨਕ ਵਿੱਚ ਬਹੁਤ ਯਕੀਨ ਹੈ। ਤੁਸੀਂ ਜਾਣਦੇ ਹੋ ਕਿ ਅਸੀਂ ਪਾਕਿਸਤਾਨ ਤੋਂ ਹਾਂ। ਨਾਨਕ ਇਨ੍ਹਾਂ ਦੇ ਵਿੱਚ ਸਮਾਏ ਹਨ। ਇਹ ਇਨ੍ਹਾਂ ਦਾ ਮਜ਼ਹਬੀ ਅਕੀਦਾ ਹੈ। ਇਹ ਦੂਜੇ ਦੇਵਤਿਆਂ ਦੇ ਦਸਤੂਰ ਨਿਭਾਉਂਦੇ ਹਨ ਅਤੇ ਗੁਰੂ ਨਾਨਕ ਨੂੰ ਵੀ ਮੰਨਦੇ ਹਨ। ਮੇਰਾ ਪਾਲਣ-ਪੋਸਣ ਅਜਿਹੇ ਪਰਿਵਾਰ ਵਿੱਚ ਹੋਇਆ ਹੈ ਜਿੱਥੇ ਹਰ ਖ਼ੁਸ਼ੀ-ਗਮੀ ਦੇ ਮੌਕੇ ਸ਼ੁਕਰਾਨੇ ਵਜੋਂ ਅਖੰਡ ਪਾਠ ਕੀਤਾ ਜਾਂਦਾ ਹੈ। ਹਰ ਐਤਵਾਰ ਅਸੀਂ ਆਸਾ ਦੀ ਵਾਰ ਦਾ ਗਾਇਨ ਕਰਦੇ ਹਾਂ। ਇਹ ਸਾਲਾਂ ਦਾ ਦਸਤੂਰ ਹੈ ਅਸੀਂ ਸੁਖਮਨੀ ਸਾਹਿਬ ਦੀਆਂ ਪੌੜੀਆਂ ਪੜ੍ਹਦੇ ਹਾਂ, ਜਪੁ ਸਾਹਿਬ ਦੀਆਂ ਪੰਜ ਪੌੜੀਆਂ ਪੜ੍ਹਦੇ ਹਾਂ। ਅਸੀਂ 'ਆਨੰਦ ਸਾਹਿਬ' ਦਾ ਪਾਠ ਕਰਦੇ ਹਾਂ। ਅਸੀਂ 'ਆਰਤੀ' ਅਤੇ 'ਅਰਦਾਸ' ਕਰ ਕੇ ਵਾਕ ਲੈਂਦੇ ਹਾਂ।

ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ ॥
ਨਾਨਕ ਹੰਸਾ ਆਦਮੀ ਬਧੇ ਜਮ ਪੁਰਿ ਜਾਹਿ ॥
(ਗੁਰੂ ਨਾਨਕ)

ਜਦੋਂ ਕੰਨਾਂ ਵਿੱਚ ਖੋਟੇ ਬੋਲ ਪੈਂਦੇ ਹਨ ਤਾਂ ਲਾਇਤਬਾਰੀ ਹੁੰਦੀ ਹੈ।
ਨਾਨਕ ਨੇ ਫ਼ਰਮਾਇਆ ਕਿ ਉਸ ਵੇਲੇ ਮਨੁੱਖਾ ਆਤਮਾ ਰੂਹਾਨੀ ਮੌਤ ਮਰ ਜਾਂਦੀ ਹੈ।
(ਗੁਰੂ ਨਾਨਕ)

ਕਮਲੇਸ਼ ਭਾਰਦਵਾਜ:

ਮੀਰਾਂ ਦਾਨਾਂ ਦਿਲ ਸੋਚ ॥
ਮੁਹਬਤੇ ਮਨਿ ਤਨਿ ਬਸੈ ਸਚੁ ਸਾਹ ਬੰਦੀ ਮੋਚ ॥
(ਗੁਰੂ ਅਰਜਨ)

ਓ ਮੀਰ, ਦਾਨੇ ਦਿਲ ਨਾਲ ਸੋਚ-ਵਿਚਾਰ ਕਰੋ।
ਜਿਨ੍ਹਾਂ ਦੇ ਤਨ-ਮਨ ਵਿੱਚ ਮੁਹੱਬਤ ਦੀ ਸੱਚੀ ਸੋਚ ਵਸੀ ਹੈ ਉਨ੍ਹਾਂ ਦੀ ਬੰਦੀ ਕੱਟੀ ਜਾਂਦੀ ਹੈ।
(ਗੁਰੂ ਅਰਜਨ)

ਸ੍ਰੀ ਵਾਹਿਗੁਰੂ ਜੀ ਕਾ ਖਾਲਸਾ। ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ। ਸਤਿਨਾਮੁ, ਸਤਿਨਾਮੁ, ਸਤਿਨਾਮੁ ਜੀ। ਨਮਸਤੇ। ਸਤਿ ਸ੍ਰੀ ਅਕਾਲ। ਮੈਂ ਮਹਾਰਾਜ ਕਮਲੇਸ਼ ਭਾਰਦਵਾਜ ਹਾਂ। ਉਂਞ ਤਾਂ ਮੈਂ ਸਿੰਧੀ ਬ੍ਰਾਹਮਣ ਹਾਂ ਪਰ ਮੈਂ ਜਦੋਂ ਤੋਂ ਸ੍ਰੀ ਲੰਕਾ ਵਿੱਚ ਆਇਆ ਹਾਂ ਤਾਂ ਮੈਂ ਦੇਖਿਆ ਕਿ ਇੱਥੇ ਸਾਰੇ ਦੇਵਤਿਆਂ ਦਾ ਮੰਦਿਰ ਹੈ। ਉਸ

ਕੇ ਨਾਲ ਵੇਦ ਵੀ ਹਨ। ਮੈਂ ਦੇਖਿਆ ਕਿ ਨਾਲ ਹੀ ਗੁਰਦਵਾਰਾ ਵੀ ਹੈ। ਮੈਂ ਪਹਿਲਾਂ ਕਦੇ ਨਹੀਂ ਦੇਖਿਆ ਸੀ ਕਿ ਮੰਦਿਰ ਵਿੱਚ ਗੁਰਦਵਾਰਾ ਵੀ ਹੁੰਦਾ ਹੈ। ਮੈਂ ਇੱਥੇ ਆਇਆ ਤਾਂ ਮੈਨੂੰ ਬਹੁਤ ਚੰਗਾ ਲੱਗਿਆ। ਇੱਥੇ ਮੈਨੂੰ ਗੁਰੂ ਗ੍ਰੰਥ ਸਾਹਿਬ ਮਿਲੇ। ਇਸ ਤੋਂ ਪਹਿਲਾਂ ਮੈਨੂੰ ਗੁਰੂ ਨਾਨਕ ਬਾਰੇ ਇੰਨੀ ਜਾਣਕਾਰੀ ਨਹੀਂ ਸੀ। ਅਸੀਂ ਗੁਰੂ ਨਾਨਕ ਦੇ ਗ੍ਰੰਥ ਨੂੰ ਪੜ੍ਹਦੇ ਗਏ। ਜਿਉਂ-ਜਿਉਂ ਪੜ੍ਹਦੇ ਗਏ ਤਿਉਂ-ਤਿਉਂ ਦਿਲਚਸਪੀ ਵਧਦੀ ਗਈ। ਹਰ ਧਰਮ ਵਿੱਚ ਬੇਗ਼ਰਜ਼ ਸੇਵਾ ਨੂੰ ਸਭ ਤੋਂ ਵੱਡਾ ਦਰਸਾਇਆ ਗਿਆ ਹੈ। ਗੁਰੂ ਨਾਨਕ ਜੀ ਦਾ ਵੀ ਇਹੋ ਸੁਨੇਹਾ ਹੈ ਕਿ ਸੇਵਾ ਕਰੋ।

ਸੁਨੀਤਾ ਜੀਵਤਰਾਮ: ਸ੍ਰੀ ਲੰਕਾ ਦੇ ਹਰ ਸਿੰਧੀ ਘਰ ਵਿੱਚ 'ਗੁਰੂ ਗ੍ਰੰਥ' ਹੈ। 'ਗੁਰੂ ਗ੍ਰੰਥ' ਦੇ ਨਾਲ 'ਗੀਤਾ' ਵੀ ਹੈ। ਗੁਰੂ ਦਾ ਵੀ ਸਤਿਕਾਰ ਹੈ ਅਤੇ 'ਗੀਤਾ' ਦਾ ਵੀ ਸਤਿਕਾਰ ਹੈ। ਹਰ ਸਿੰਧੀ ਘਰ ਵਿੱਚ 'ਗੁਰੂ ਗ੍ਰੰਥ' ਹੈ।

ਨਾਰਾਇਣ ਚਤੁਰਾਣੀ: ਮੇਰੇ ਮਾਪੇ ਦੱਸਦੇ ਸਨ ਕਿ ਅਸੀਂ 'ਸਿੰਧੀਆਂ' ਨੇ ਸਭ ਤੋਂ ਪਹਿਲਾਂ ਗੁਰੂ ਨਾਨਕ ਨੂੰ ਵਾਪਸ ਇਸ ਟਾਪੂ ਉੱਤੇ ਲਿਆਂਦਾ ਸੀ। ਹਾਂਲਾਕਿ ਉਨ੍ਹਾਂ ਨੇ ਸਦੀਆਂ ਪਹਿਲਾਂ ਇਸ ਮੁਲਕ ਦੀ ਯਾਤਰਾ ਕੀਤੀ ਸੀ ਪਰ ਅਸੀਂ ਮਾਣ ਕਰਦੇ ਹਾਂ ਕਿ ਅਸੀਂ ਗੁਰੂ ਨਾਨਕ ਦੀਆਂ ਸਿੱਖਿਆਵਾਂ ਨੂੰ ਕੋਲੰਬੋ, ਸ੍ਰੀ ਲੰਕਾ ਵਿੱਚ ਮੁੜ ਬਹਾਲ ਕੀਤਾ।

ਅਮਰਦੀਪ ਸਿੰਘ: ਨਮਸਤੇ। ਆਪ ਜੀ ਦਾ ਨਾਮ ਕੀ ਹੈ?

ਕਵਿਤਾ: ਹੈਂ?

ਅਮਰਦੀਪ ਸਿੰਘ: ਆਪ ਜੀ ਦਾ ਨਾਮ ਕੀ ਹੈ?

ਕਵਿਤਾ: ਕਵਿਤਾ

ਅਮਰਦੀਪ ਸਿੰਘ: ਕਵਿਤਾ ਜੀ, ਆਪ ਜੀ ਦੀ ਉਮਰ ਕਿੰਨੀ ਹੈ?

ਕਵਿਤਾ: ਪਝੰਤਰ-ਛਿਅੱਤਰ ਤੋਂ ਉੱਤੇ

ਅਮਰਦੀਪ ਸਿੰਘ: ਤੁਸੀਂ ਕੀ ਪੜ੍ਹ ਰਹੇ ਓ?

ਕਵਿਤਾ: ਜਪੁਜੀ ਸਾਹਿਬ ਪੜ੍ਹਦੀ ਹਾਂ

ੴ
ਸਤਿਗੁਰ ਪ੍ਰਸਾਦਿ॥
ਕਰਤਾ ਪੁਰਖੁ
ਨਿਰਭਉ ਨਿਰਵੈਰੁ

ਅਕਾਲ ਮੂਰਤਿ
ਅਜੂਨੀ ਸੈਭੰ
ਗੁਰ ਪ੍ਰਸਾਦਿ॥
ਜਪੁ।
ਆਦਿ ਸਚੁ ਜੁਗਾਦਿ ਸਚੁ।
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।
(ਗੁਰੂ ਨਾਨਕ)

ਕਰਤਾ ਹਾਜ਼ਰਾ-ਹਜ਼ੂਰ ਹੈ।
ਰਹਿਬਰ ਦੀ ਰਹਿਮਤ ਨਾਲ ਨਾਜ਼ਲ ਹੁੰਦਾ ਹੈ।
ਸ੍ਰਿਸ਼ਟੀ ਵਿੱਚ ਵਿਆਪਕ ਹੈ।
ਬੇਖ਼ੌਫ਼ ਹੈ। ਤੇਰ-ਮੇਰ ਤੋਂ ਉੱਤੇ ਹੈ।
ਯੁੱਗੋ-ਯੁੱਗ ਅਟੱਲ ਹੈ।
ਜਨਮ-ਮਰਨ ਦੇ ਚੱਕਰ ਤੋਂ ਅਗੰਮ ਹੈ। ਉਹ ਆਪੇ ਰੌਸ਼ਨ ਹੈ।
ਰਹਿਬਰ ਦੀ ਰਹਿਮਤ ਨਾਲ ਨਾਜ਼ਲ ਹੁੰਦਾ ਹੈ।
ਜਪ।
ਉਹ ਆਦਿ ਸਮੇਂ ਤੋਂ ਸੱਚ ਹੈ ਅਤੇ ਹੁਣ ਵੀ ਸੱਚ ਹੈ।
ਨਾਨਕ ਨੇ ਫ਼ਰਮਾਇਆ ਕਿ ਉਹ ਸਦਾ ਸੱਚ ਰਹੇਗਾ।
(ਗੁਰੂ ਨਾਨਕ)

ਅਮਰਦੀਪ ਸਿੰਘ: ਇਹ ਸਿੰਧੀ ਲਿਪੀ ਵਿੱਚ ਛਪੀ ਹੋਈ 'ਆਸਾ ਦੀ ਵਾਰ' ਪੜ੍ਹ ਰਹੇ ਹਨ।

(ਕੀਰਤਨ ਗਾਇਨ)

ਸਿੰਧੀ ਮੰਦਿਰ ਵਿੱਚੋਂ ਰੁਖ਼ਸਤ ਹੁੰਦੇ ਸਮੇਂ ਮੇਰਾ ਮਨ ਇਹ ਦੇਖ ਕੇ ਪ੍ਰਸੰਨ ਹੈ ਕਿ ਇਹ ਬਰਾਦਰੀ ਗੁਰੂ ਨਾਨਕ ਨਾਲ ਆਪਣਾ ਤਅਲੁੱਕ ਕਾਇਮ ਰੱਖਣ ਲਈ ਸੰਜੀਦਾ ਉਪਰਾਲੇ ਕਰ ਰਹੀ ਹੈ।

ਅਸੀਂ ਹੁਣ ਕੋਲੰਬੋ ਦੇ ਗੁਰਦਵਾਰੇ ਜਾ ਰਹੇ ਹਾਂ।

(ਕੀਰਤਨ ਗਾਇਨ)

ਮਨਵਿੰਦਰ ਸਿੰਘ: ਅਸੀਂ ਜਾਣਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਸ਼੍ਰੀ ਲੰਕਾ ਆਏ ਸਨ ਪਰ ਇਸ ਬਿਰਤਾਂਤ ਤੋਂ ਇਲਾਵਾ ਉਨ੍ਹਾਂ ਦੀਆਂ ਉਦਾਸੀਆਂ ਨਾਲ ਜੁੜੀ ਕੋਈ ਨਿਸ਼ਾਨੀ ਨਹੀਂ ਹੈ। ਅਸੀਂ ਉਨ੍ਹਾਂ ਬਾਰੇ ਸ਼੍ਰੀ ਲੰਕਾ ਵਿੱਚ

ਜ਼ਿਆਦਾ ਨਹੀਂ ਜਾਣਦੇ। ਸ਼ਾਇਦ ਉਸ ਤਰ੍ਹਾਂ ਇੱਥੇ ਸੇਵਾ-ਸੰਭਾਲ ਲਈ ਸੰਗਤ ਨਹੀਂ ਸੀ ਜਿਵੇਂ ਕਿ ਇੰਡੀਆ ਅਤੇ ਪਾਕਿਸਤਾਨ ਵਿੱਚ ਸੇਵਾ-ਸੰਭਾਲ ਲਈ ਸੰਗਤ ਸੀ।

(ਕੀਰਤਨ ਗਾਇਨ)

ਹਰੀਨ: ਗੁਰੂ ਨਾਨਕ ਦਰਬਾਰ ਵਿੱਚ ਲੋਕ ਇੱਕ-ਦੂਜੇ ਨਾਲ ਇੰਨਾ ਪਿਆਰ ਕਰਦੇ ਹਨ ਕਿ 'ਦਰਬਾਰ' ਵਿੱਚ ਸਭ ਨੂੰ ਇੱਕ ਹੋਣ ਦਾ ਅਹਿਸਾਸ ਹੁੰਦਾ ਹੈ। ਸਾਡੀ ਪੀੜ੍ਹੀ ਨੂੰ ਗੁਰੂ ਨਾਨਕ ਬਾਰੇ ਜ਼ਿਆਦਾ ਨਹੀਂ ਪਤਾ। ਸਾਡੇ ਲਈ ਇਹ ਅਹਿਸਾਸ ਬਹੁਤ ਨਿਰਾਲਾ ਹੈ। ਇਹ ਸਾਨੂੰ ਜੋੜਦਾ ਹੈ ਅਤੇ ਯਕੀਨ ਵਿੱਚ ਬੰਨ੍ਹਦਾ ਹੈ।

(ਕੀਰਤਨ ਗਾਇਨ)

ਅਸੀਂ ਗੁਰੂ ਨਾਨਕ ਦੀ ਸ਼੍ਰੀ ਲੰਕਾਂ ਦੀ ਉਦਾਸੀ ਬਾਰੇ ਹੋਰ ਜਾਣਨ ਲਈ ਅਰਤਿਕਾ ਅਰੋੜਾ ਦੇ ਘਰ ਜਾ ਰਹੇ ਹਾਂ।

ਆਰਤਿਕਾ ਅਰੋੜਾ: ਮੈਂ ਸ਼੍ਰੀ ਲੰਕਾ ਵਿੱਚ ਸੰਨ ੨੦੦੦ ਵਿੱਚ ਆਈ। ਮੇਰੀ ਜਗਿਆਸਾ ਸੀ ਕਿ ਗੁਰੂ ਨਾਨਕ ਦੀਆਂ ਸ਼੍ਰੀ ਲੰਕਾ ਦੀਆਂ ਉਦਾਸੀਆਂ ਦੀਆਂ ਮਾਦੀ ਨਿਸ਼ਾਨੀਆਂ ਦੀ ਭਾਲ ਕੀਤੀ ਜਾਵੇ। ਇਹੋ ਮੇਰੀ ਭਾਲ ਸੀ। ਇਸੇ ਦੌਰਾਨ ਮੇਰੇ ਸਾਹਮਣੇ 'ਗ੍ਰੰਥ ਸਾਹਿਬ' ਦਾ ਇਹ ਸ਼ਬਦ ਆਇਆ।

ਰਾਮੁ ਝੁਰੈ ਦਲ ਮੇਲਵੈ ਅੰਤਰਿ ਬਲੁ ਅਧਿਕਾਰ॥
ਬੰਤਰ ਕੀ ਸੈਨਾ ਸੇਵੀਐ ਮਨਿ ਤਨਿ ਜੁਝੁ ਅਪਾਰੁ॥
(ਗੁਰੂ ਨਾਨਕ)

ਝੁਰਦੇ ਹੋਏ ਰਾਮ ਨੇ ਆਪਣੇ-ਆਪ ਨੂੰ ਉਨ੍ਹਾਂ ਗੁਣਾਂ ਨਾਲ ਜੋੜਿਆ ਜੋ ਮਨ ਵਿੱਚ ਦਲੇਰੀ ਅਤੇ ਇਨਸਾਫ਼ ਜਗਾਉਂਦੇ ਹਨ।
ਬਾਂਦਰਾਂ ਦਾ ਲਸ਼ਕਰ ਸੰਜਮ ਅਤੇ ਫੁਰਤੀ ਦੀ ਨੁਮਾਇੰਦਗੀ ਕਰਦਾ ਹੈ ਜੋ ਸੱਚੀ ਜੰਗ ਵਿੱਚ ਤਨ-ਮਨ ਦੀ ਸੇਵਾ ਨਿਭਾਉਂਦਾ ਹੈ।
(ਗੁਰੂ ਨਾਨਕ)

ਇੱਥੇ ਰਾਮ ਦੇ ਸ਼੍ਰੀ ਲੰਕਾ ਵਿੱਚ ਆਉਣ ਦਾ ਹਵਾਲਾ ਹੈ। ਗੁਰੂ ਨਾਨਕ ਦੇਵ ਜੀ ਦੇ ਇਸ ਸ਼ਬਦ ਨੇ ਮੇਰੀ ਜਗਿਆਸਾ ਵਿੱਚ ਵਾਧਾ ਕੀਤਾ ਕਿ ਉਹ ਇੱਥੇ ਕਿਉਂ ਆਏ ਸਨ? ਉਨ੍ਹਾਂ ਦੀ ਭਾਲ ਕੀ ਸੀ? ਉਹ ਗੋਸ਼ਟਿ ਕਰਨ ਲਈ ਲੋਕਾਂ ਕੋਲ ਜਾਂਦੇ ਸਨ। ਉਨ੍ਹਾਂ ਨਾਲ ਵਿਚਾਰ ਕਰਨ ਜਾਂਦੇ ਸਨ। ਉਹ ਲੋਕਾਂ ਦੇ ਅਕੀਦਿਆਂ ਨੂੰ ਸਮਝਣ ਅਤੇ ਆਪਣਿਆਂ ਨੂੰ ਸਾਂਝਾ ਕਰਨ ਲਈ ਸਫ਼ਰਜ਼ਦਾ ਸਨ। ਸ਼ਾਇਦ ਉਨ੍ਹਾਂ ਦੀ ਇਹੋ ਤਾਂਘ ਉਨ੍ਹਾਂ ਨੂੰ ਸ਼੍ਰੀ ਲੰਕਾ ਲੈ ਆਈ ਸੀ। ਉਹ ਇੱਥੇ ਸਾਡੇ ਵਿੱਚ ਵਸੇ ਹਨ, ਸਾਡੇ ਦਿਲਾਂ ਵਿੱਚ ਅਤੇ ਆਪਣੀਆਂ ਸਿੱਖਿਆਵਾਂ ਵਿੱਚ ਵਸੇ ਹਨ। ਉਨ੍ਹਾਂ ਨੇ ਹਰ ਥਾਂ ਵਹਿਦਤ, ਏਕੇ ਅਤੇ ਰਹਿਮਦਿਲੀ ਦਾ ਪ੍ਰਚਾਰ ਕੀਤਾ। ਮਨੁੱਖ ਇੱਕ-ਦੂਜੇ ਨਾਲ ਚੰਗਾ ਵਰਤਾਓ ਕਰੇ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਕੋਲੰਬੋ ਦੇ ਬਾਹਰ-ਵਾਰ ਵਸੇ ਕੋਟੇ ਤੋਂ ਉੱਤਰ ਵਾਲੇ ਪਾਸੇ ਨੂੰ ਅਨੁਰਾਧਾਪੁਰਾ ਦਾ ਸਫ਼ਰ ਕੀਤਾ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਅਸੀਂ ਅਨੁਰਾਧਾਪੁਰਾ ਜਾ ਰਹੇ ਹਨ ਜੋ ਸ੍ਰੀ ਲੰਕਾ ਦੇ ਪੁਰਾਤਨ ਸ਼ਹਿਰਾਂ ਵਿੱਚ ਸ਼ਾਮਿਲ ਹੈ। ਅਨੁਰਾਧਾਪੁਰਾ ਸਿੰਹਾਲੀ ਸੱਭਿਅਤਾ ਦੇ ਖੰਡਰਾਂ ਨੂੰ ਚੰਗੀ ਤਰ੍ਹਾਂ ਸੰਭਾਲਣ ਲਈ ਪੂਰੀ ਦੁਨੀਆ ਵਿੱਚ ਮਸ਼ਹੂਰ ਹੈ। ਗੁਰੂ ਨਾਨਕ ਦੇ ਦੌਰ ਵਿੱਚ ਇਹ ਥੇਰਾਵਾਦ ਬੁੱਧ ਮਤ ਦਾ ਮਰਕਜ਼ ਸੀ।

ਅਨੁਰਾਧਾਪੁਰਾ ਵਿੱਚ ਜਾਣ ਦਾ ਸਾਡਾ ਮਕਸਦ ਇੱਥੇ ਪੁਰਾਤਤਵ ਅਜਾਇਬ ਘਰ ਵਿੱਚ ਜਾਣਾ ਹੈ ਜਿੱਥੇ ਅਸੀਂ ਰਾਜਾ ਧਰਮਪਰਾਕਰਮਾ ਬਾਹੂ ਨੌਵੇਂ ਦੇ ਸਮੇਂ ਦੀ ਪੱਥਰ ਦੀ ਸਿਲ ਦੇਖਣਾ ਚਾਹੁੰਦੇ ਹਾਂ।

ਹਾਲੀਆ ਦੌਰ ਵਿੱਚ ਕਈ ਸਿੱਖ ਲੇਖਕਾਂ ਨੇ ਦਾਵਾ ਕੀਤਾ ਹੈ ਕਿ ਪੱਥਰ ਦੀ ਸਿਲ ਨੰਬਰ ਐੱਮ ੧੧੧ ਉੱਤੇ 'ਨਾਨਕ ਅਚਾਰਿਆ' ਉਕਰਿਆ ਹੋਇਆ ਹੈ।

ਅਸੀਂ ਅਨੁਰਾਧਾਪੁਰਾ ਵਿੱਚ ਪੁਰਾਤਤਵ ਅਜਾਇਬ ਘਰ ਦੀ ਮੁਖੀ ਦੀਪਾਲੀ ਨੂੰ ਉਨ੍ਹਾਂ ਦੇ ਦਫ਼ਤਰ ਵਿੱਚ ਮਿਲੇ। ਉਨ੍ਹਾਂ ਦੇ ਦਫ਼ਤਰ ਵਿੱਚ ਪਹਿਲਾਂ ਅਸੀਂ ਇਸ ਸਿਲ ਦੀ ਇਬਾਰਤ ਬਾਰੇ ਪੜਤਾਲ ਕੀਤੀ।

ਦੀਪਾਲੀ ਹੁਣ ਸਾਨੂੰ ਸਿਲ ਨੰਬਰ ਐੱਮ ੧੧੧ ਦਿਖਾਉਣ ਲਿਜਾ ਰਹੇ ਹਨ।

ਦੀਪਾਲੀ: ਇਹ ਸਿਲਾ ਲੇਖ ਨੰਬਰ ਐੱਮ ੧੧੧ ਹੈ?

ਅਮਰਦੀਪ ਸਿੰਘ: ਦੀਪਾਲੀ ਜੀ, ਇਸ ਸਿਲ ਉੱਤੇ ਕੁਝ ਪੜ੍ਹਿਆ ਨਹੀਂ ਜਾਂਦਾ ਪਰ ਕੁਝ ਧੁੰਧਲੀ ਜਿਹੀ ਇਬਾਰਤ ਹੈ। ਅਸੀਂ ਕੁਝ ਨਹੀਂ ਪੜ੍ਹ ਸਕਦੇ। ਕੀ ਇਹ ਪਹਿਲਾਂ ਤੋਂ ਹੀ ਅਜਿਹੀ ਸੀ?

ਦੀਪਾਲੀ: ਜੀ

ਅਮਰਦੀਪ ਸਿੰਘ: ਅੱਛਾ

ਅਮਰਦੀਪ ਸਿੰਘ: ਇਹ ਦਿਲਚਪਸ ਹੈ ਕਿ ਕੁਝ ਲੇਖ ਦਾਵਾ ਕਰਦੇ ਹਨ ਕਿ ਇਸ ਸਿਲ ਉੱਤੇ 'ਗੁਰੂ ਨਾਨਕ ਅਚਾਰਿਆ' ਲਿਖਿਆ ਹੋਇਆ ਹੈ। ਜਦੋਂ ਮੈਂ ਇਸ ਨੂੰ ਦੇਖ ਰਿਹਾ ਹਾਂ ਤਾਂ ਇਸ ਉੱਤੇ ਪੜ੍ਹਣ ਵਾਲਾ ਕੁਝ ਨਹੀਂ ਹੈ ਅਤੇ ਤੁਸੀਂ ਕਹਿ ਰਹੇ ਹੋ ਕਿ ਅਜਾਇਬ ਘਰ ਵਿੱਚ ਅਜਿਹਾ ਕੁਝ ਨਹੀਂ ਹੈ। ਤੁਸੀਂ ਦੱਸ ਰਹੇ ਹੋ ਕਿ ਜਦੋਂ ਇਹ ਸਿਲ ਅਜਾਇਬ ਘਰ ਵਿੱਚ ਆਈ ਸੀ ਤਾਂ ਇਸ ਉੱਤੇ ਕੁਝ ਲਿਖਿਆ ਹੋਇਆ ਨਹੀਂ ਸੀ।

ਦੀਪਾਲੀ: ਨਹੀਂ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਅਨੁਰਾਧਾਪੁਰਾ ਤੋਂ ਬੰਦਰਗਾਹ ਵਾਲੇ ਸ਼ਹਿਰ ਮੰਨਾਰ ਦਾ ਸਫ਼ਰ ਕੀਤਾ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਅਸੀਂ ਅਨੁਰਾਧਾਪੁਰਾ ਤੋਂ ਮੰਨਾਰ ਜਾ ਰਹੇ ਹਾਂ।

ਅਨੁਰਾਧਾਪੁਰਾ ਤੋਂ ਮੰਨਾਰ ਟਾਪੂ ਤੱਕ ਦਾ ਸਮੁੱਚਾ ਇਲਾਕਾ ਸੁੱਕਾ ਅਤੇ ਬੰਜਰ ਜਜ਼ੀਰਾ ਹੈ।

ਇਸ ਇਲਾਕੇ ਵਿੱਚ ਇੱਕ ਦੁੱਧਾਧਾਰੀ ਜਾਨਵਰ ਸੁਨਹਿਰੀ ਸਿਆਰ ਮਿਲਦਾ ਹੈ ਜਿਹੜਾ ਝੁੰਡਾਂ ਵਿੱਚ ਫਿਰਦਾ ਹੈ। ਇਹ ਹੁਸ਼ਿਆਰ, ਮੱਕਾਰ ਅਤੇ ਸਿਰੜੀ ਜਾਨਵਰ ਹੈ। ਇਸ ਨਾਖ਼ੁਸ਼ਗਵਾਰ ਇਲਾਕੇ ਦੇ ਸਫ਼ਰ ਦੌਰਾਨ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੂੰ ਖਾਣ-ਪੀਣ ਲਈ ਕੁਝ ਨਹੀਂ ਮਿਲਿਆ। ਉਨ੍ਹਾਂ ਦੀ ਨਜ਼ਰ ਸਿਆਰ ਦੇ ਝੁੰਡ ਉੱਤੇ ਪਈ ਜੋ ਇੱਕ ਪਾਸੇ ਨੂੰ ਜਾ ਰਹੇ ਸਨ। ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਅੰਦਾਜ਼ਾ ਲਗਾਇਆ ਕਿ ਸਿਆਰ ਆਪਣੀ ਪਿਆਸ ਬੁਝਾਉਣ ਲਈ ਜਾ ਰਹੇ ਹਨ। ਉਹ ਉਨ੍ਹਾਂ ਦੇ ਪਿੱਛੇ-ਪਿੱਛੇ ਇੱਕ ਤਲਾਅ ਉੱਤੇ ਪਹੁੰਚ ਗਏ।

ਗਿਆਨ ਇੰਦਰੀਆਂ ਗੌਰ ਕਰਨ ਅਤੇ ਜਜ਼ਬ ਕਰਨ ਲਈ ਬਣੀਆਂ ਹਨ। ਇਨ੍ਹਾਂ ਇੰਦਰੀਆਂ ਵਿੱਚ ਕੁਦਰਤ ਦੇ ਇਸ਼ਾਰਿਆਂ ਦੀ ਥਾਹ ਪਾਉਣ ਅਤੇ ਉਨ੍ਹਾਂ ਤੋਂ ਅਗਵਾਈ ਲੈਣ ਦੀ ਸ਼ਕਤੀ ਹੈ।

ਇਸ ਸਮਰੱਥਾ ਨੂੰ ਕਾਰਗਰ ਬਣਾਉਣ ਲਈ ਹਰ ਹਾਲਾਤ ਨਾਲ ਸਿੱਝਣ ਅਤੇ ਉਸ ਵਿੱਚੋਂ ਸਿੱਖਣ ਵਾਲੀ ਸੋਚ ਜ਼ਿਹਨ ਵਿੱਚ ਵਸਾਉਣੀ ਪੈਂਦੀ ਹੈ।

ਆਪੇ ਮਾਛੀ ਮਛੁਲੀ ਆਪੇ ਪਾਣੀ ਜਾਲੁ॥
ਆਪੇ ਜਾਲ ਮਣਕੜਾ ਆਪੇ ਅੰਦਰਿ ਲਾਲੁ॥
(ਸਿਰੀ ਰਾਗ, ਗੁਰੂ ਨਾਨਕ)

ਉਹੀ ਮਛੇਰਾ ਅਤੇ ਉਹੀ ਮੱਛੀ ਹੈ। ਉਹੀ ਪਾਣੀ ਅਤੇ ਉਹੀ ਜਾਲ਼ ਹੈ।
ਉਹੀ ਜਾਲ਼ ਅਤੇ ਉਹੀ ਚਾਰਾ ਹੈ। ਸਭ ਅੰਦਰ ਇਲਾਹੀ ਅੰਸ਼ ਹੈ।
(ਸਿਰੀ ਰਾਗ, ਗੁਰੂ ਨਾਨਕ)

ਗੁਰੂ ਨਾਨਕ ਨੇ ਫ਼ਰਮਾਇਆ ਕਿ ਸਿਰਜਣਹਾਰ ਨੇ ਵਡੇਰੇ ਮਕਸਦ ਦਾ ਧਿਆਨ ਧਰ ਕੇ ਹਰ ਹਾਲਾਤ ਅਤੇ ਉਨ੍ਹਾਂ ਦੇ ਸਿੱਟਿਆਂ ਦੀ ਵਿਓਂਤਬੰਦੀ ਕੀਤੀ ਹੈ। ਕਈ ਵਾਰ ਮਨੁੱਖਾ ਮਨ ਤੋਂ ਇਸ ਦੀ ਥਾਹ ਨਹੀਂ ਪੈਂਦੀ।

ਮੰਨਾਰ ਜ਼ਿਲ੍ਹੇ ਵਿੱਚ ਅਸੀਂ ਤਾਲਾਈਮੰਨਾਰ ਜਾ ਰਹੇ ਹਾਂ ਜੋ 'ਸੇਤੂ ਬੰਧ' ਟਾਪੂਆਂ ਦਾ ਇਲਾਕਾ ਹੈ।

'ਸੇਤੂ ਬੰਧ' ਨੂੰ 'ਰਾਮ ਸੇਤੂ' ਜਾਂ 'ਐਡਮਜ਼ ਬਰਿੱਜ' ਵੀ ਕਿਹਾ ਜਾਂਦਾ ਹੈ ਜੋ ਟਾਪੂਆਂ ਦੀ ਲੜੀ ਹੈ। ਇਹ ਟਾਪੂਆਂ ਦੀ ਲੜੀ ਸ੍ਰੀ ਲੰਕਾ ਦੇ ਮੰਨਾਰ ਜ਼ਿਲ੍ਹੇ ਅਤੇ ਇੰਡੀਆ ਦੇ ਰਾਮੇਸ਼ਵਰਮ ਜ਼ਿਲ੍ਹੇ ਦੇ ਧਾਨੁਸ਼ਕੋਡੀ ਵਿਚਕਾਰ ਪੈਂਦੀ ਹੈ। 'ਸੇਤੂ ਬੰਧ' ਟਾਪੂਆਂ ਤੋਂ ਬਣਿਆ ਤਕਰੀਬਨ ਅਠਤਾਲੀ ਕਿਲੋਮੀਟਰ ਲੰਬਾ ਪੁੱਲ ਹੈ। 'ਸੇਤੂ ਬੰਧ'

ਦਾ ਜ਼ਿਕਰ ਮਹਾਂਕਾਵਿ 'ਰਾਮਾਇਣ' ਵਿੱਚ ਵੀ ਆਉਂਦਾ ਹੈ ਜਿਸ ਵਿੱਚ ਬਾਂਦਰਾਂ ਦਾ ਲਸ਼ਕਰ ਪੁੱਲ ਬਣਾਉਂਦਾ ਹੈ ਜਿਸ ਤੋਂ ਲੰਘ ਕੇ ਰਾਮਚੰਦਰ ਆਪਣੀ ਪਤਨੀ ਸੀਤਾ ਨੂੰ ਬਚਾਉਣ ਲਈ ਸ਼੍ਰੀ ਲੰਕਾ ਪਹੁੰਚਦੇ ਹਨ।

ਗੁਰੂ ਨਾਨਕ ਨੇ 'ਸੇਤੂ ਬੰਧ' ਨਾਲ ਜੋੜ ਕੇ ਬਹੁਤ ਡੂੰਘਾ ਫ਼ਲਸਫ਼ੀਆ ਸੁਨੇਹਾ ਦਿੱਤਾ ਹੈ। ਤਸ਼ਬੀਹੀ ਪੱਖੋਂ ਇਹ ਮਨੁੱਖਾ ਸੁਰਤ ਦੇ ਇਲਾਹੀ ਸੁਰਤ ਨਾਲ ਜੁੜਨ ਦੀ ਪੇਸ਼ਕਾਰੀ ਹੈ। ਇਹੋ ਜਿਹਾ ਪੁੱਲ ਜੋ ਨਾਂਹ-ਪੱਖੀ ਸੋਚ ਨੂੰ ਉਸਾਰੂ ਸੋਚ ਵਿੱਚ ਤਬਦੀਲ ਕਰਨ ਵੇਲੇ ਸਹਾਈ ਹੁੰਦਾ ਹੈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਸ਼੍ਰੀ ਲੰਕਾ ਵਿੱਚ ਮੰਨਾਰ ਤੋਂ ਕਿਸ਼ਤੀ ਰਾਹੀਂ ਇੰਡੀਆ ਵਿੱਚ ਧਨੁਸ਼ਕੋਡੀ ਦਾ ਸਫ਼ਰ ਕੀਤਾ।

ਗੁਰਮੁਖਿ ਬਾਂਧਿਓ ਸੇਤੁ ਬਿਧਾਤੈ॥
ਲੰਕਾ ਲੂਟੀ ਦੈਤ ਸੰਤਾਪੈ॥
(ਰਾਗ ਰਾਮਕਲੀ, ਗੁਰੂ ਨਾਨਕ)

ਰੂਹਾਨੀਅਤ ਦੇ ਪਾਂਧੀਆਂ ਨੇ ਹਾਜ਼ਰਾ-ਹਜ਼ੂਰ ਦੀ ਥਾਹ ਪਾਉਣ ਲਈ ਪੁੱਲ ਬਣਾਇਆ ਹੈ।
ਲੰਕਾ (ਹਉਮੈ) ਲੁੱਟੀ ਗਈ ਹੈ। ਦੈਂਤ (ਔਗੁਣ) ਉੱਤੇ ਜਿੱਤ ਹਾਸਿਲ ਹੋਈ ਹੈ।
(ਰਾਗ ਰਾਮਕਲੀ, ਗੁਰੂ ਨਾਨਕ)

# ਚਰਚਾ ਲਈ ਕੁਝ ਨੁਕਤੇ

## ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

### ਐਪੀਸੋਡ ੧੪: ਸੇਤੂ ਬੰਧ (ਤਬਦੀਲੀ ਦਾ ਪੁੱਲ)

ਐਪੀਸੋਡ ਵਿਚਲੇ ਇਹ ਚਰਚਾ ਨੁਕਤੇ ਸ਼੍ਰੀਲੰਕਾ ਦੀ ਯਾਤਰਾ ਦੇ ਇਤਿਹਾਸਕ ਮਹੱਤਵ ਅਤੇ ਇਸ ਯਾਤਰਾ ਦੌਰਾਨ ਗੁਰੂ ਨਾਨਕ ਦੇ ਸੰਦੇਸ਼ ਦੇ ਦਾਰਸ਼ਨਿਕ ਪਹਿਲੂਆਂ ਦੀ ਪੜਚੋਲ ਕਰਨ ਲਈ ਇਕ ਰੂਪਰੇਖਾ ਮੁਹਈਆ ਕਰਦੇ ਹਨ। ੧੫ਵੀਂ ਸਦੀ ਦੇ ਸ਼੍ਰੀਲੰਕਾ ਵਿਚਲੇ ਵੱਖ-ਵੱਖ ਧਾਰਮਿਕ ਭਾਈਚਾਰਿਆਂ ਅਤੇ ਰਾਜਨੀਤਿਕ ਸ਼ਖ਼ਸੀਅਤਾਂ ਨਾਲ ਹੋਈ ਉਨ੍ਹਾਂ ਦੀ ਵਾਰਤਾਲਾਪ ਦਾ ਅਧਿਐਨ ਕਰਕੇ, ਸਾਨੂੰ ਇਸ ਗੱਲ ਦੀ ਕੀਮਤੀ ਸਮਝ ਮਿਲਦੀ ਹੈ ਕਿ ਉਨ੍ਹਾਂ ਦੇ ਵਿਸ਼ਵਵਿਆਪੀ ਸੰਦੇਸ਼ ਨੇ ਸਭਿਆਚਾਰਿਕ ਅਤੇ ਧਾਰਮਿਕ ਸੀਮਾਵਾਂ ਨੂੰ ਕਿਵੇਂ ਪਾਰ ਕੀਤਾ। ਇਹ ਦਾਰਸ਼ਨਿਕ ਪ੍ਰਸ਼ਨ ਸਾਨੂੰ ਗੁਰੂ ਨਾਨਕ ਦੇ ਸਥਾਈ ਰੂਹਾਨੀ ਸੰਕਲਪਾਂ ਉਪਰ ਗੂੜ੍ਹ ਵਿਚਾਰ ਕਰਨ ਲਈ ਸੱਦਾ ਦਿੰਦੇ ਹਨ, ਵਿਸ਼ੇਸ਼ ਤੌਰ 'ਤੇ ਉਨ੍ਹਾਂ ਦੁਆਰਾ ਪੁਰਜ਼ੋਰ ਕੀਤੀ ਤਾਕੀਦ ਜੋ ਅਨੇਕਤਾ ਵਿਚ ਏਕਤਾ, ਬਾਹਰੀ ਪਹਿਚਾਣ ਤੋਂ ਪਾਰ ਅਤੇ ਅੰਤਰੀਵੀ ਰੁਪਾਂਤ੍ਰਣ ਦੇ ਮਹੱਤਵਪੂਰਨ ਪਹਿਲੂਆਂ ਬਾਰੇ ਸੀ। ਇਹ ਇਤਿਹਾਸਕ ਅਤੇ ਦਾਰਸ਼ਨਿਕ ਪੜਚੋਲ ਸਾਨੂੰ ਇਹ ਸਮਝਣ ਵਿਚ ਮਦਦ ਕਰਦੀ ਹੈ ਕਿ ਸ਼੍ਰੀਲੰਕਾ ਵਿਚਲੀ ਗੁਰੂ ਨਾਨਕ ਦੀ ਯਾਤਰਾ ਅੰਤਰਧਾਰਮਿਕ ਵਾਰਤਾਲਾਪ ਅਤੇ ਰੂਹਾਨੀ ਆਦਾਨ-ਪ੍ਰਦਾਨ ਦਾ ਇਕ ਅਦਭੁਤ ਅਧਿਆਇ ਕਿਵੇਂ ਰਹੀ, ਭਾਵੇਂ ਉਨ੍ਹਾਂ ਦੀ ਯਾਤਰਾ ਦੇ ਭੌਤਿਕ ਪ੍ਰਮਾਣ ਸੀਮਿਤ ਹਨ ਪਰ ਫਿਰ ਵੀ ਇਕ ਅਜਿਹੀ ਵਿਰਾਸਤ ਜਿਸ ਨੂੰ ਅੱਜ ਵੀ ਟਾਪੂ 'ਤੇ ਵੱਖ-ਵੱਖ ਸਮੂਹਾਂ ਵੱਲੋਂ ਆਦਰ ਦਿੱਤਾ ਜਾਂਦਾ ਹੈ।

## ਇਤਿਹਾਸਕ ਚਰਚਾ ਨੁਕਤੇ:

**੧. ੧੫ਵੀਂ ਸਦੀ ਵਿਚਲੇ ਸ਼੍ਰੀਲੰਕਾ ਦੇ ਧਾਰਮਿਕ ਅਤੇ ਸਭਿਆਚਾਰਕ ਧਰਾਤਲ ਨੇ ਗੁਰੂ ਨਾਨਕ ਦੇ ਵਾਰਤਾਲਾਪ ਨੂੰ ਕਿਵੇਂ ਪ੍ਰਭਾਵਿਤ ਕੀਤਾ?**

ਇਸ ਐਪੀਸੋਡ ਵਿਚ ਵਰਣਨ ਕੀਤਾ ਗਿਆ ਹੈ ਕਿ ੧੫ਵੀਂ ਸਦੀ ਦੌਰਾਨ ਸ਼੍ਰੀਲੰਕਾ ਮੁੱਖ ਰੂਪ ਵਿੱਚ ਬੋਧ ਧਰਮ ਅਧੀਨ ਸੀ। ਸਿਰਫ ਕੁਝ ਖੇਤਰ, ਵਿਸ਼ੇਸ਼ ਤੌਰ 'ਤੇ ਟਾਪੂ ਦੇ ਉੱਤਰੀ-ਪੂਰਬੀ ਭਾਗ ਵਿਚ, ਹਿੰਦੂ 'ਸ਼ੈਵ' ਸ਼ਿਵ ਦੇ ਪੈਰੋਕਾਰ ਵੱਸਦੇ ਸਨ। ਇਸ ਵੱਖ-ਵੱਖ ਧਾਰਮਿਕ ਪਿਛੋਕੜ ਵਾਲੇ ਵਾਤਾਵਰਣ ਕਾਰਣ ਗੁਰੂ ਨਾਨਕ ਨੂੰ ਅੰਤਰਧਾਰਮਿਕ ਸੰਵਾਦ ਰਚਾਏ। ਐਪੀਸੋਡ ਵਿਚ ਉਨ੍ਹਾਂ ਦੇ ਰਾਜਾ ਸ਼ਿਵ ਨਾਭ (ਪਰਾਰਾਜਸ਼ੇਖਰਨ), ਜੋ ਸ਼ਿਵ ਦੇ ਉਪਾਸ਼ਕ ਸਨ, ਨਾਲ ਉਨ੍ਹਾਂ ਦੇ ਵਾਰਤਾਲਾਪ

ਦਾ ਜ਼ਿਕਰ ਹੈ, ਇਸ ਦੇ ਨਾਲ ਹੀ ਬੋਧ ਭਿੱਖੂਆਂ, ਜਿਨ੍ਹਾਂ ਵਿਚ ਸੰਘਰਾਜ (ਵਰਿਸ਼ਠ ਬੋਧ ਭਿੱਖੂ) ਵੀ ਸ਼ਾਮਲ ਸਨ, ਨਾਲ ਹੋਈ ਚਰਚਾ ਦਾ ਵੀ ਵਰਣਨ ਹੈ। ਕਟਾਰਗਾਮਾ ਵਿਚ, ਗੁਰੂ ਨਾਨਕ ਇਕ ਅਜਿਹੇ ਪ੍ਰਸਿੱਧ ਮੰਦਰ ਵਿਚ ਗਏ ਜਿਸ ਨੂੰ ਹਿੰਦੂ, ਬੋਧੀਆਂ ਅਤੇ ਸਥਾਨਕ ਆਦਿਵਾਸੀ ਵੇਦ ਲੋਕਾਂ ਦੁਆਰਾ ਸਤਿਕਾਰਿਆ ਜਾਂਦਾ ਸੀ। ਇਸ ਬਹੁਲਵਾਦੀ ਧਾਰਮਿਕ ਵਾਤਾਵਰਣ ਦੁਆਰਾ ਗੁਰੂ ਨਾਨਕ ਦੀ ਦਾਰਸ਼ਨਿਕ ਵਿਚਾਰਧਾਰਾ ਨੂੰ ਪੇਸ਼ ਕਰਨ ਦੀ ਵਿਧੀ ਨੂੰ ਕਿਵੇਂ ਸਰੂਪ ਦਿੱਤਾ? ਅਤੇ ਇਹਨਾਂ ਵਾਰਤਾਲਾਪਾਂ ਰਾਹੀਂ ਅਸੀਂ ਉਨ੍ਹਾਂ ਦੇ ਅੰਤਰਧਾਰਮਿਕ ਸੰਵਾਦ ਦੀਆਂ ਵਿਧੀਆਂ ਬਾਰੇ ਕੀ ਸਿੱਖ ਸਕਦੇ ਹਾਂ?

**੨. ਗੁਰੂ ਨਾਨਕ ਦੁਆਰਾ ਸ੍ਰੀਲੰਕਾ ਦੀ ਕੀਤੀ ਯਾਤਰਾ ਦੇ ਕੀ ਪ੍ਰਮਾਣ ਮੌਜੂਦ ਹਨ, ਅਤੇ ਇਸ ਨਾਲ ਸੰਬੰਧਿਤ ਯਾਦ ਨੂੰ ਸਦੀਆਂ ਤੋਂ ਕਿਵੇਂ ਸੰਭਾਲ ਕੇ ਰੱਖਿਆ ਗਿਆ ਹੈ?**

ਐਪੀਸੋਡ ਵਿਚ ਗੁਰੂ ਨਾਨਕ ਦੀ ਯਾਤਰਾ ਨਾਲ ਸੰਬੰਧਿਤ ਪ੍ਰਮਾਣਾਂ ਦੇ ਸੰਬੰਧ ਵਿਚ ਵੱਖ-ਵੱਖ ਦ੍ਰਿਸ਼ਟੀਕੋਣ ਪੇਸ਼ ਕੀਤੇ ਗਏ ਹਨ। ਇਸ ਵਿਚ ਦੱਸਿਆ ਗਿਆ ਹੈ ਕਿ ਜਾਫਨਾ ਵਿਚ ਗੁਰੂ ਨਾਨਕ ਦੀ ਯਾਤਰਾ ਨਾਲ ਸੰਬੰਧਿਤ ਕੋਈ ਯਾਦਗਾਰ ਉਪਲਬੱਧ ਨਹੀਂ ਹੈ, ਜਦਕਿ ਕੁਰੁਕਲਮਦਮ ਵਿਚ ਇਕ ਗੁਰਦੁਆਰੇ ਦਾ ਨਿਰਮਾਣ ਸਿੱਖਾਂ, ਕੋਲੰਬੋ ਦੇ ਕੁਝ ਪੰਜਾਬੀ ਹਿੰਦੂਆਂ ਅਤੇ ਸਥਾਨਕ ਸ੍ਰੀਲੰਕਾਈ ਤਮਿਲਾਂ ਦੇ ਸਹਿਯੋਗ ਨਾਲ ਕੀਤਾ ਗਿਆ ਹੈ। ਐਪੀਸੋਡ ਵਿਚ ਅਨੁਰਾਧਾਪੁਰ ਪੁਰਾਤੱਤਵ ਵਿਭਾਗ ਵਿਚ ਪਥਰ ਦੀ ਸ਼ਿਲ ਨੰਬਰ M੧੧ ‘ਤੇ ‘ਨਾਨਕ ਆਚਾਰਯ’ ਨਾਮ ਦਾ ਇਕ ਸ਼ਿਲਾਲੇਖ ਹੋਣ ਦੇ ਦਾਅਵੇ ਦਾ ਜ਼ਿਕਰ ਹੈ, ਪਰ ਜਾਂਚ ਕਰਨ ‘ਤੇ ਇਹ ਪੜ੍ਹਣਯੋਗ ਨਹੀਂ ਸੀ। ਸਦੀਆਂ ਬਾਅਦ, ਕੋਲੰਬੋ ਵਿਚ ਸਿੰਧੀ ਭਾਈਚਾਰੇ ਨੇ ਟਾਪੂ ‘ਤੇ ਗੁਰੂ ਨਾਨਕ ਦੀਆਂ ਰੂਹਾਨੀ ਸਿੱਖਿਆਵਾਂ ਨੂੰ ਮੁੜ ਜੀਵੰਤ ਕਰਨ ਵਿੱਚ ਮਾਣ ਮਹਿਸੂਸ ਕੀਤਾ। ਯਾਦਗਾਰੀ ਚਿੰਨ੍ਹਾਂ ਦਾ ਇਹ ਢਾਂਚਾ ਸਦੀਆਂ ਬੱਧ ਸਭਿਆਚਾਰਾਂ ਵਿਚ ਪਈਆਂ ਇਤਿਹਾਸਕ ਯਾਦਾਂ ਨੂੰ ਸੁਰੱਖਿਅਤ ਰੱਖਣ ਦੀਆਂ ਚੁਣੌਤੀਆਂ ਬਾਰੇ ਕੀ ਦੱਸਦਾ ਹੈ, ਅਤੇ ਮੌਖਿਕ ਪਰੰਪਰਾਵਾਂ ਸੀਮਤ ਭੌਤਿਕ ਤੱਥਾਂ ਦੀ ਭਰਪਾਈ ਕਿਵੇਂ ਕਰ ਸਕਦੀਆਂ ਹਨ? ਕੀ M111 ਸਲੈਬ 'ਤੇ ਸ਼ਿਲਾਲੇਖ ਬਾਰੇ ਕੁਝ ਲੇਖਕਾਂ ਦੁਆਰਾ ਆਪਣੀ ਵਿਸ਼ਵਾਸ ਪ੍ਰਣਾਲੀ ਤਹਿਤ ਵਿਕਸਤ ਕੀਤੇ ਗਏ ਆਧੁਨਿਕ ਦਾਅਵੇ ਗੁਰੂ ਨਾਨਕ ਦੀਆਂ ਯਾਤਰਾਵਾਂ ਨੂੰ ਇੱਕ ਵੱਡੇ ਸੰਦਰਭ ਵਿੱਚ ਪੇਸ਼ ਕਰਨ ਦੀ ਇਕ ਕੋਸ਼ਿਸ਼ ਹੈ?

**੩. ਰਾਜਾ ਸ਼ਿਵ ਨਾਭ ਦੀ ਗੁਰੂ ਨਾਨਕ ਨਾਲ ਹੋਈ ਵਾਰਤਾਲਾਪ ਉਸ ਸਮੇਂ ਦੇ ਅੰਤਰ-ਸਭਿਆਚਾਰਿਕ ਧਾਰਮਿਕ ਆਦਾਨ-ਪ੍ਰਦਾਨ ਨੂੰ ਕਿਵੇਂ ਦਰਸਾਉਂਦੀ ਹੈ?**

ਐਪੀਸੋਡ ਵਿਚ ਉਲਲੇਖ ਹੈ ਕਿ ਲਾਹੌਰ ਦੇ ਵਪਾਰੀ ਭਾਈ ਮਨਸੁਖ ਨੇ ਸ੍ਰੀਲੰਕਾ ਦੇ ਰਾਜਾ ਸ਼ਿਵ ਨਾਭ ਨੂੰ ਗੁਰੂ ਨਾਨਕ ਅਤੇ ਉਨ੍ਹਾਂ ਦੀ ਵਿਚਾਰਧਾਰਾ ਬਾਰੇ ਦੱਸਿਆ। ਜਦ ਗੁਰੂ ਨਾਨਕ ਸ੍ਰੀਲੰਕਾ ਪਹੁੰਚੇ, ਤਾਂ ਰਾਜਾ ਨੇ ਇਸ ਸਚਾਈ ਦੀ ਪਰਖ ਕਰਨ ਲਈ ਸੁੰਦਰ ਜਵਾਨ ਔਰਤਾਂ ਨੂੰ ਉਨ੍ਹਾਂ ਕੋਲ ਭੇਜਿਆ, ਤਾਂ ਜੋ ਉਨ੍ਹਾਂ ਦੀ ਰੂਹਾਨੀ ਅਵਸਥਾ ਦੀ ਜਾਂਚ ਕੀਤੀ ਜਾ ਸਕੇ। ਗੁਰੂ ਨਾਨਕ ਇਸ ਪ੍ਰੀਖਿਆ ਵਿਚ ਸਫ਼ਲ ਰਹੇ, ਜਿਸ ਕਰਕੇ ਰਾਜਾ ਨੂੰ ਉਨ੍ਹਾਂ ਦੀ ਰੂਹਾਨੀ ਅਵਸਥਾ'ਤੇ ਵਿਸ਼ਵਾਸ ਹੋ ਗਿਆ। ਇਸ ਤੋਂ ਬਾਅਦ, ਰਾਜਾ ਸ਼ਿਵ ਨਾਭ ਨੇ ਗੁਰੂ ਨਾਨਕ ਨੂੰ ਉਨ੍ਹਾਂ ਦੀ ਧਾਰਮਿਕ ਪਛਾਣ ਬਾਰੇ ਪੁੱਛਿਆ, ਕੀ ਉਹ 'ਜੋਗੀ' (ਸੰਨਿਆਸੀ) ਹਨ ਜਾਂ 'ਪੰਡਿਤ' (ਵਿਦਵਾਨ ਪੁਰੋਹਿਤ), ਅਤੇ ਉਨ੍ਹਾਂ ਦੀ ਜਾਤ ਕੀ ਹੈ। ਇਹ ਸੰਵਾਦ ੧੫ਵੀਂ ਸਦੀ ਦੀਆਂ ਰੂਹਾਨੀ ਰਸਮਾਂ, ਧਾਰਮਿਕ ਅਤੇ ਸਮਾਜਿਕ ਵਰਗੀਕਰਨ 'ਤੇ ਦਿੱਤੇ ਗਏ ਮਹੱਤਵਪੂਰਨ ਪੱਖ 'ਤੇ ਰੌਸ਼ਨੀ ਪਾਉਂਦਾ ਹੈ। ਇਹ ਆਦਾਨ-ਪ੍ਰਦਾਨ ਉਨ੍ਹਾਂ ਰੂਹਾਨੀ ਰਹਿਬਰਾਂ ਲਈ ਚੁਣੌਤੀਆਂ ਅਤੇ ਮੌਕਿਆਂ ਨੂੰ ਕਿਵੇਂ ਦਰਸਾਉਂਦਾ ਹੈ ਜਿਨ੍ਹਾਂ ਨੇ ਇਸ ਸਮੇਂ ਦੌਰਾਨ ਸੱਭਿਆਚਾਰਕ ਹੱਦਬੰਦੀਆਂ ਨੂੰ ਪਾਰ ਕੀਤਾ?

**੪. ਗੁਰੂ ਨਾਨਕ ਦੇ ਵਿਸ਼ੇਸ਼ ਪਹਿਰਾਵੇ ਨੇ ਉਨ੍ਹਾਂ ਦੁਆਰਾ ਕੀਤੀ ਸ੍ਰੀਲੰਕਾ ਯਾਤਰਾ ਵਿਚ ਕੀ ਭੂਮਿਕਾ ਨਿਭਾਈ?**

'ਵਿਲਾਇਤ ਵਾਲੀ ਜਨਮਸਾਖੀ' ਅਨੁਸਾਰ, ਸ੍ਰੀਲੰਕਾ ਦੀ ਯਾਤਰਾ ਦੌਰਾਨ, ਗੁਰੂ ਨਾਨਕ ਨੇ ਆਪਣਾ ਸਿਰ ਰੱਸੀਆਂ ਨਾਲ ਢੱਕਿਆ, ਪੈਰੀਂ ਲੱਕੜ ਦੀਆਂ ਖੜਾਵਾਂ ਪਾਈਆਂ ਅਤੇ ਮੱਥੇ ਸੰਧੂਰ ਲਗਾਇਆ। ਐਪੀਸੋਡ ਵਿੱਚ ਦੱਸਿਆ ਗਿਆ ਹੈ ਕਿ ਗੁਰੂ ਨਾਨਕ ਨੇ ਜਾਣਬੁੱਝ ਕੇ ਅਜਿਹਾ ਪਹਿਰਾਵਾ ਧਾਰਨ ਕੀਤਾ ਤਾਂ ਜੋ ਲੋਕ ਉਨ੍ਹਾਂ ਨੂੰ ਕਿਸੇ ਇਕ ਵਿਸ਼ੇਸ਼ ਧਾਰਮਿਕ ਪਛਾਣ ਨਾਲ ਨਾ ਜੋੜ ਸਕਣ। ਇਸ ਵਿਧੀ ਦਾ ਮੰਤਵ ਉਤਸੁਕਤਾ ਪੈਦਾ ਕਰਨਾ ਸੀ, ਤਾਂ ਜੋ ਉਹ ਵੱਖ-ਵੱਖ ਰੂਹਾਨੀ ਚਿੰਤਕਾਂ ਨਾਲ ਵਾਰਤਾਲਾਪ ਸ਼ੁਰੂ ਕਰ ਸਕਣ। ਕੀ ਅਨੋਖੀ ਪਹਿਚਾਣ ਦੀ ਇਹ ਸੋਚੀ ਸਮਝੀ ਵਿਧੀ ਗੁਰੂ ਨਾਨਕ ਦੇ ਉਸ ਦ੍ਰਿਸ਼ਟਿਕੋਣ ਨੂੰ ਅੱਗੇ ਵਧਾਉਣ ਵਿਚ ਸਹਾਇਕ ਰਹੀ ਜਿਸ ਰਾਹੀਂ ਉਹ ਵੱਖ-ਵੱਖ ਧਾਰਮਿਕ ਪਰੰਪਰਾਵਾਂ ਵਿਚਕਾਰ ਪੁਲ ਬਣ ਇਨ੍ਹਾਂ ਨੂੰ ਆਪਸ ਵਿਚ ਜੋੜਦੇ ਸਨ, ਅਤੇ ਅੱਜ ਇਹ ਅੰਤਰਧਾਰਮਿਕ ਵਾਰਤਾਲਾਪ ਲਈ ਕੀ ਸਿੱਖਿਆ ਪ੍ਰਦਾਨ ਕਰਦੀ ਹੈ?

## ਦਾਰਸ਼ਨਿਕ ਚਰਚਾ ਨੁਕਤੇ:

**੧. ਗੁਰੂ ਨਾਨਕ ਦੁਆਰਾ ਰਾਜਾ ਸ਼ਿਵ ਨਾਭ ਨੂੰ ਦਿੱਤੀ ਪ੍ਰਤੀਕ੍ਰਿਆ ਪਰੰਪਰਾਗਤ ਧਾਰਮਿਕ ਪਛਾਣ ਦੀਆਂ ਧਾਰਨਾਵਾਂ ਨੂੰ ਕਿਵੇਂ ਚੁਣੌਤੀ ਦਿੰਦੀ ਹੈ?**

ਜਦੋਂ ਰਾਜਾ ਸ਼ਿਵ ਨਾਭ ਨੇ ਗੁਰੂ ਨਾਨਕ ਤੋਂ ਉਨ੍ਹਾਂ ਦੀ ਜਾਤ ਅਤੇ ਧਾਰਮਿਕ ਪਛਾਣ ਬਾਰੇ ਪੁੱਛਿਆ, ਤਾਂ ਉਨ੍ਹਾਂ ਨੇ ਇਕ ਸਬਦ ਰਾਹੀਂ ਉੱਤਰ ਦਿੱਤਾ, ਜਿਸ ਵਿਚ ਉਨ੍ਹਾਂ ਨੇ 'ਜੋਗੀ' (ਯੋਗ ਸਾਧਕ) ਦੀ ਪੁਨਰਵਿਆਖਿਆ ਕੀਤੀ। ਉਨ੍ਹਾਂ ਨੇ ਦੱਸਿਆ ਕਿ ਅਸਲ 'ਜੋਗੀ' ਉਹ ਹੁੰਦੇ ਹਨ ਜੋ ਆਤਮ-ਚਿੰਤਨ ਕਰਨ ਦੇ ਸਮਰਥ ਹੁੰਦੇ ਹਨ, ਇਮਾਨਦਾਰ ਰਹਿੰਦਿਆਂ ਕਿਸੇ ਵੀ ਤਰ੍ਹਾਂ ਦੀ ਅਧਰਮੀ ਕਿਰਿਆ ਤੋਂ ਪ੍ਰਭਾਵਿਤ ਨਹੀਂ ਹੁੰਦੇ। ਇਹ ਬ੍ਰਿਤਾਂਤ ਦਰਸਾਉਂਦਾ ਹੈ ਕਿ ਗੁਰੂ ਨਾਨਕ ਇਹ ਸਵਾਲ ਉਠਾਉਂਦੇ ਹਨ ਕਿ ਸਿਰਜਣਹਾਰ ਅਤੇ ਉਸਦੀ ਰਚਨਾ ਨੂੰ ਦਿੱਖ ਦੇ ਅਧਾਰ 'ਤੇ ਕਿਵੇਂ ਸ਼੍ਰੇਣੀਬੱਧ ਕੀਤਾ ਜਾ ਸਕਦਾ ਹੈ, ਕਿਉਂਕਿ ਉਹ ਇਕੋ ਸਿੱਕੇ ਦੇ ਦੋ ਪਾਸੇ ਹਨ। ਉਹ ਅੱਗੇ ਸੁਝਾਅ ਦਿੰਦੇ ਹਨ ਕਿ ਪਛਾਣਾਂ ਦੇ ਅਧਾਰ 'ਤੇ ਸਥਾਪਿਤ ਧਾਰਨਾਵਾਂ ਪੱਖਪਾਤ ਪੈਦਾ ਕਰ ਸਕਦੀਆਂ ਹਨ ਜੋ ਸਮਾਜਿਕ ਸਦਭਾਵਨਾ ਨੂੰ ਕਮਜ਼ੋਰ ਬਣਾ ਸਕਦੀਆਂ ਹਨ। ਇਹ ਦਾਰਸ਼ਨਿਕ ਸਥਿਤੀ ੧੫ਵੀਂ ਸਦੀ ਦੇ ਦੱਖਣੀ ਏਸ਼ੀਆ ਵਿਚ ਪ੍ਰਚਲਿਤ ਸਮਾਜਿਕ ਵਰਗੀਕਰਨਾਂ ਨੂੰ ਕਿਵੇਂ ਚੁਣੌਤੀ ਦਿੰਦੀ ਹੈ, ਅਤੇ ਧਾਰਮਿਕ ਪਛਾਣ ਨੂੰ ਵਧੇਰੇ ਵਿਆਪਕ ਅਰਥਾਂ ਵਿਚ ਸਮਝਣ ਲਈ ਇਸਦਾ ਕੀ ਪ੍ਰਭਾਵ ਹੋ ਸਕਦਾ ਹੈ?

### ੨. ਗੁਰੂ ਨਾਨਕ ਦੁਆਰਾ 'ਸੇਤੁ ਬੰਧ' (ਪੁਲ) ਨੂੰ ਰੂਹਾਨੀ ਜਾਗਰੂਕਤਾ ਦੇ ਪ੍ਰਤੀਕ ਵਜੋਂ ਕਿਵੇਂ ਪੇਸ਼ ਕੀਤਾ ਗਿਆ?

ਐਪੀਸੋਡ ਵਿੱਚ ਦੱਸਿਆ ਗਿਆ ਹੈ ਕਿ ਗੁਰੂ ਨਾਨਕ ਨੇ 'ਸੇਤੁ ਬੰਧ' ਨੂੰ ਮਨੁੱਖੀ ਚੇਤਨਾ ਅਤੇ ਪਰਮ ਚੇਤਨਾ ਵਿਚਕਾਰ ਆਪਸੀ ਮਿਲਾਪ ਦੇ ਪ੍ਰਤੀਕ ਦੇ ਤੌਰ 'ਤੇ ਪੇਸ਼ ਕੀਤਾ। ਇਸ ਪੁਲ ਨੂੰ ਨਕਾਰਾਤਮਕਤਾ ਤੋਂ ਸਕਾਰਾਤਮਕਤਾ ਵਲ ਬਦਲਾਅ ਦਾ ਚਿੰਨ੍ਹ ਮੰਨਿਆ ਗਿਆ ਹੈ। ਉਨ੍ਹਾਂ ਦੀ ਬਾਣੀ ਸੁਝਾਅ ਦਿੰਦੀ ਹੈ ਕਿ ਰੂਹਾਨੀਅਤ ਦੇ ਰਸੀਏ ਸਰਵਵਿਆਪੀ ਨੂੰ ਸਮਝਣ ਲਈ ਇਕ ਪੁਲ ਦਾ ਨਿਰਮਾਣ ਕਰਦੇ ਹਨ। ਇਸ ਸੰਦਰਭ ਵਿਚ, ਲੰਕਾ (ਹਉਮੈ) ਲੁੱਟੀ ਜਾਂਦੀ ਹੈ, ਅਤੇ ਦੈਂਤ (ਬੁਰਾਈ) ਉਪਰ ਜਿੱਤ ਹੋ ਜਾਂਦੀ ਹੈ। ਇਹ ਵਿਆਖਿਆ ਇਕ ਭੌਤਿਕ ਮੀਲ ਪੱਥਰ ਨੂੰ ਇੱਕ ਗੂੜ੍ਹ ਰੂਹਾਨੀ ਧਾਰਨਾ ਵਿਚ ਬਦਲਦੀ ਹੈ। ਇਹ ਰੂਪਕ ਗੁਰੂ ਨਾਨਕ ਦੇ ਰੂਹਾਨੀ ਵਿਕਾਸ ਦੇ ਦ੍ਰਿਸ਼ਟਿਕੋਣ ਨੂੰ ਕਿਵੇਂ ਦਰਸਾਉਂਦਾ ਹੈ, ਅਤੇ ਉਨ੍ਹਾਂ ਦੀ ਵਿਚਾਰਧਾਰਾ ਵਿਚ ਭੌਤਿਕ ਅਤੇ ਰੂਹਾਨੀ ਸੂਝ ਵਿਚਕਾਰ ਕਿਸ ਤਰ੍ਹਾਂ ਦਾ ਸੰਬੰਧ ਪ੍ਰਗਟ ਕਰਦਾ ਹੈ?

### ੩. ਗੁਰੂ ਨਾਨਕ ਦੁਆਰਾ ਰਾਮਾਇਣ ਦੇ ਬ੍ਰਿਤਾਂਤ ਨੂੰ ਰੂਹਾਨੀ ਸਿੱਖਿਆ ਦੇ ਤੌਰ 'ਤੇ ਕਿਵੇਂ ਮੁੜ ਪਰਿਭਾਸ਼ਿਤ ਕੀਤਾ ਗਿਆ?

ਇਹ ਐਪੀਸੋਡ ਗੁਰੂ ਨਾਨਕ ਦੇ ਸਬਦ ਦਾ ਹਵਾਲਾ ਦਿੰਦਾ ਹੈ: ਰਾਮਚੰਦ (ਜਾਗਰੂਕ ਮਨ) ਨੇ ਰਾਵਣ (ਅਹੰਕਾਰ) ਦਾ ਸੰਘਾਰ ਕੀਤਾ। ਵਿਭੀਸ਼ਣ (ਬੁੱਧੀ) ਰੂਹਾਨੀ ਮਾਰਗ ਦਾ ਰਾਜ਼ ਖੋਲ੍ਹਦੀ ਹੈ।

ਇਸ ਵਿਚ ਦੱਸਿਆ ਗਿਆ ਹੈ ਕਿ ਅਯੋਧਿਆ ਦੇ ਰਾਜਾ ਰਾਮਚੰਦ ਅਤੇ ਸ੍ਰੀਲੰਕਾ ਦੇ ਰਾਜਾ ਰਾਵਣ ਦੇ ਵਿਚਕਾਰ ਦੀ ਲੜਾਈ ਨੂੰ ਗੁਰੂ ਨਾਨਕ ਨੇ ਅੰਦਰੂਨੀ ਰੂਹਾਨੀ ਸੰਘਰਸ਼ ਵਜੋਂ ਪੇਸ਼ ਕੀਤਾ ਹੈ, ਜਿੱਥੇ ਚੰਗੇਪਨ ਦੀ ਮਾੜੇਪਨ 'ਤੇ ਜਿੱਤ ਅੰਦਰੂਨੀ ਮਨ ਦੀ ਪਵਿੱਤਰਤਾ ਦਾ ਪ੍ਰਤੀਕ ਹੈ। ਇਹ ਪੁਨਰ ਵਿਆਖਿਆ ਇਕ ਯੁਧ ਨਾਲ ਸੰਬੰਧਿਤ ਮਹਾਂਕਾਵਿ ਨੂੰ ਇਕ ਅੰਤਰੀਵੀ ਰੂਹਾਨੀ ਸੰਘਰਸ਼ ਵਿਚ ਰੁਪਾਂਤ੍ਰਿਤ ਕਰ ਦਿੰਦੀ ਹੈ। ਪਵਿੱਤਰ ਬਿਰਤਾਂਤਾਂ ਪ੍ਰਤੀ ਇਹ ਪਹੁੰਚ ਗੁਰੂ ਨਾਨਕ ਦੇ ਜਾਣੇ-ਪਛਾਣੇ ਸੱਭਿਆਚਾਰਕ ਹਵਾਲਿਆਂ ਰਾਹੀਂ ਅਮੂਰਤ ਰੂਹਾਨੀ ਸੰਕਲਪਾਂ ਨੂੰ ਪਹੁੰਚਯੋਗ ਬਣਾਉਣ ਦੇ ਢੰਗ ਨੂੰ ਕਿਵੇਂ ਦਰਸਾਉਂਦੀ ਹੈ, ਅਤੇ ਇਹ ਅੰਤਰੀਵੀ ਰੁਪਾਂਤ੍ਰਣ ਦੀ ਦਾਰਸ਼ਨਿਕ ਵਿਚਾਰਧਾਰਾ ਬਾਰੇ ਕੀ ਪ੍ਰਗਟ ਕਰਦੀ ਹੈ?

### ੪. ਗੁਰੂ ਨਾਨਕ ਅਨੁਸਾਰ 'ਗੁਰਮੁਖ' ਅਤੇ 'ਮਨਮੁਖ' ਵਿਚਕਾਰ ਕੀ ਅੰਤਰ ਹੈ?

ਗੁਰੂ ਨਾਨਕ ਕਹਿੰਦੇ ਹਨ ਕਿ 'ਗੁਰਮੁਖ' (ਰੂਹਾਨੀ ਤੌਰ 'ਤੇ ਜਾਗਰੂਕ) ਮੋਹ-ਮਾਇਆ ਦੀ ਮੈਲ ਤੋਂ ਮੁਕਤ ਰਹਿੰਦੇ ਹਨ। ਉਹ ਹਮੇਸ਼ਾ ਅੰਤਰੀਵੀ ਸ਼ਾਂਤੀ ਦੀ ਸ਼ਰਨ ਵਿਚ ਰਹਿੰਦੇ ਹਨ। ਦੂਜੇ ਪਾਸੇ, 'ਮਨਮੁਖ' (ਮਨ ਕੇਂਦ੍ਰਿਤ ਵਿਅਕਤੀ) ਰੂਹਾਨੀ ਉੱਨਤੀ ਵੱਲ ਧਿਆਨ ਨਹੀਂ ਦਿੰਦੇ ਅਤੇ ਉਹ ਚਿੰਤਾ ਤੇ ਪਛਤਾਵੇ ਦਾ ਸ਼ਿਕਾਰ ਰਹਿੰਦੇ ਹਨ। ਐਪੀਸੋਡ ਵਿਚ ਦੱਸਿਆ ਗਿਆ ਹੈ ਕਿ 'ਗੁਰਮੁਖ' ਉਹ ਹੁੰਦਾ ਹੈ ਜੋ ਆਪਣੇ ਵਿਵੇਕ ਨੂੰ, ਅਗਿਆਨਤਾ ਦੇ ਹਨੇਰੇ ਤੋਂ ਗਿਆਨ ਦੀ ਰੌਸ਼ਨੀ ਵੱਲ ਲੈ ਜਾਣ ਦੀ ਕੋਸ਼ਿਸ਼ ਕਰਦਾ ਹੈ। ਭਾਈ ਮਰਦਾਨਾ ਨੂੰ ਇਕ 'ਗੁਰਮੁਖ' ਦੀ ਉਦਾਹਰਣ ਵਜੋਂ ਪੇਸ਼ ਕੀਤਾ ਗਿਆ ਹੈ। ਇਹ ਧਾਰਨਾ ਗੁਰੂ ਨਾਨਕ ਦੇ ਰੂਹਾਨੀ ਵਿਕਾਸ ਦੇ ਢਾਂਚੇ ਨੂੰ ਕਿਵੇਂ ਸਪਸ਼ਟ ਕਰਦੀ ਹੈ, ਅਤੇ ਇਸ ਦਾ ਰੋਜ਼ਾਨਾ ਜੀਵਨ 'ਚ ਕੀ ਵਿਵਹਾਰਿਕ ਪ੍ਰਭਾਵ ਹੋ ਸਕਦਾ ਹੈ?

### ੫. ਗੁਰੂ ਨਾਨਕ ਨੇ ਦਵੈਤਵਾਦ ਦੀ ਧਾਰਨਾ ਅਤੇ ਇਸ ਦਾ ਮਾਨਵ ਚੇਤਨਾ ਉਪਰੇ ਪੈਂਦੇ ਪ੍ਰਭਾਵ ਨੂੰ ਕਿਵੇਂ ਸੰਬੋਧਨ ਕੀਤਾ?

ਕਤਰਗਾਮਾ ਮੰਦਰ ਵਿਖੇ, ਜੋ ਕਿ ਹਿੰਦੂ, ਬੋਧੀਆਂ ਅਤੇ ਸਥਾਨਕ ਵੇਦਾ ਸਮੂਹਾਂ ਦੁਆਰਾ ਸਾਂਝੇ ਤੌਰ 'ਤੇ ਪੂਜਨੀਯ ਮੰਨਿਆ ਜਾਂਦਾ ਹੈ, ਬ੍ਰਿਤਾਂਤਕਾਰ ਇਸ ਗੱਲ 'ਤੇ ਵਿਚਾਰ ਕਰਦਾ ਹੈ ਕਿ ਇਕੋ ਹੀ ਘਰ ਅੰਦਰ ਮਨੁੱਖੀ ਮਨ ਵੰਡੀਆਂ ਪਾ ਕੇ ਬੈਠ ਜਾਂਦਾ ਹੈ। ਇਹ ਵਿਚਾਰਧਾਰਾ ਗੁਰੂ ਨਾਨਕ ਦੇ ਫ਼ਲਸਫੇ ਨਾਲ ਵੀ ਮੇਲ ਖਾਂਦੀ ਹੈ, ਜੋ ਦਵੰਦ (ਦਵੈਤਵਾਦ) ਨੂੰ ਅਸ਼ਾਂਤੀ ਦਾ ਕਾਰਣ ਮੰਨਦੀ ਹੈ। ਇਕ ਸਬਦ ਵਿਚ ਗੁਰੂ ਨਾਨਕ ਕਹਿੰਦੇ ਹਨ ਕਿ ਦਵੈਤ ਚਿੱਤ (ਦਵੈਤ ਵਿਚਾਰਧਾਰਾ ਵਾਲਾ) ਵਿਅਕਤੀ ਸਕਾਰਾਤਮਕ ਗੁਣਾਂ ਨਾਲ ਸਾਂਝ ਪਾਉਣ ਦੇ ਬਾਵਜੂਦ ਵੀ ਡਗਮਗਾਉਂਦਾ ਰਹਿੰਦਾ ਹੈ। ਇਸੇ ਤਰ੍ਹਾਂ ਜੋ ਆਤਮਾ ਚੇਤਨਾ ਤੋਂ ਵੱਖ ਹੋ ਜਾਂਦੀ ਹੈ, ਉਸਨੂੰ ਕਦੇ ਵੀ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ।

ਗੁਰੂ ਨਾਨਕ ਦੀ ਇਹ ਵਿਚਾਰਧਾਰਾ ਦਵੈਤਵਾਦ ਤੋਂ ਉੱਪਰ ਉਠਣ ਦੀ ਕੋਸ਼ਿਸ਼ ਕਿਵੇਂ ਕਰਦੀ ਹੈ, ਅਤੇ ਮੌਜੂਦਾ ਧਾਰਮਿਕ ਮਤਭੇਦਾਂ ਨੂੰ ਸੰਬੋਧਨ ਕਰਨ ਵਿਚ ਇਸ ਦੀ ਕੀ ਸਾਰਥਕਤਾ ਹੋ ਸਕਦੀ ਹੈ?

**੬. ਗੁਰੂ ਨਾਨਕ ਨੇ 'ਸੇਤੁ ਬੰਧ' ਬਾਰੇ ਕਿਹੜਾ ਦਾਰਸ਼ਨਿਕ ਸੰਦੇਸ਼ ਦਿੱਤਾ ਜੋ ਪਰਿਵਰਤਨ ਦੇ ਪੁਲ ਦੇ ਤੌਰ 'ਤੇ ਕੰਮ ਕਰਦਾ ਹੈ?**

'ਸੇਤੁ ਬੰਧ', ਜਿਸਨੂੰ 'ਰਾਮ ਸੇਤੁ' ਜਾਂ 'ਆਦਮ ਦਾ ਪੁਲ' ਵੀ ਕਿਹਾ ਜਾਂਦਾ ਹੈ, ਸ਼੍ਰੀਲੰਕਾ ਦੇ ਤਲਾਈਮਨਾਰ ਤੋਂ ਭਾਰਤ ਦੇ ਧਨੁਸ਼ਕੋਡੀ ਤੱਕ ਫੈਲਿਆ ਹੋਇਆ ੪੮ ਕਿਲੋਮੀਟਰ ਲੰਬਾ ਇੱਕ ਪ੍ਰਾਕ੍ਰਿਤਿਕ ਚੂਨਾ ਪੱਥਰ ਦੀ ਜਲਛਾੜੀ ਦਾ ਪੁਲ ਹੈ। ਇਸ ਦਾ ਸਾਂਸਕ੍ਰਿਤਿਕ ਮਹੱਤਵ ਰਾਮਾਇਣ ਨਾਲ ਜੁੜਿਆ ਹੋਇਆ ਹੈ, ਜਿਸ ਵਿਚ ਇਸ ਨੂੰ ਭਗਵਾਨ ਰਾਮ ਦੀ ਵਾਨਰ ਸੈਨਾ ਦੁਆਰਾ ਬਣਾਇਆ ਗਿਆ ਪੁਲ ਦੱਸਿਆ ਗਿਆ ਹੈ, ਜਿਸ ਰਾਹੀਂ ਉਹ ਲੰਕਾ 'ਚ ਰਾਵਣ ਤੋਂ ਸੀਤਾ ਮਾਤਾ ਨੂੰ ਮੁਕਤ ਕਰਵਾਉਣ ਗਏ ਸਨ। ਗੁਰੂ ਨਾਨਕ ਨੇ ਇਸ ਪੌਰਾਣਿਕ ਕਥਾ ਨੂੰ ਰੂਹਾਨੀ ਦ੍ਰਿਸ਼ਟੀਕੋਣ ਤੋਂ ਸਮਝਾਇਆ, ਜਿੱਥੇ 'ਸੇਤੁ ਬੰਧ' ਨੂੰ 'ਰੁਪਾਂਤ੍ਰਣ ਦਾ ਪੁਲ' ਕਿਹਾ ਗਿਆ। ਉਨ੍ਹਾਂ ਨੇ ਇਸ ਨੂੰ ਅੰਤਰੀਵੀ ਰੂਹਾਨੀ ਤਬਦੀਲੀ ਦਾ ਪ੍ਰਤੀਕ ਦੱਸਿਆ, ਜੋ ਵਿਅਕਤੀ ਨੂੰ ਸੰਸਾਰਕ ਮੋਹ-ਮਾਇਆ ਦੇ ਸਮੁੰਦਰ ਤੋਂ ਪਾਰ ਕਰਕੇ ਸਕਾਰਾਤਮਕਤਾ ਵੱਲ ਲੈ ਜਾਂਦਾ ਹੈ। ਉਨ੍ਹਾਂ ਦੇ ਅਨੁਸਾਰ, ਰੂਹਾਨੀ ਤੌਰ 'ਤੇ ਉੱਨਤ ਵਿਅਕਤੀ ਇਸ ਪੁਲ ਦਾ ਨਿਰਮਾਣ ਕਰਦੇ ਹਨ ਤਾਂ ਜੋ ਉਹ ਸਰਵਵਿਆਪੀ ਪਰਮਚੇਤਨਾ ਨੂੰ ਸਮਝ ਸਕਣ। ਅੱਜ ਦੇ ਵੰਡੇ ਹੋਏ ਸਮਾਜ ਵਿਚ 'ਪੁਲ-ਨਿਰਮਾਣ' ਦੀ ਇਹ ਧਾਰਨਾ ਵਿਅਕਤੀਗਤ ਵਿਕਾਸ ਅਤੇ ਸਮਾਜਿਕ ਏਕਤਾ ਨੂੰ ਕਿਵੇਂ ਦਿਸ਼ਾ ਪ੍ਰਦਾਨ ਕਰ ਸਕਦੀ ਹੈ? ਸਾਡੇ ਅੰਦਰ ਕਿਹੜੇ-ਕਿਹੜੇ ਅੰਦਰੂਨੀ ਪੁਲ ਬਣਾਉਣ ਦੀ ਲੋੜ ਹੈ ਤਾਂ ਜੋ ਅਸੀਂ ਆਪਣੇ ਦਵੈਤਵਾਦ ਤੋਂ ਉਪਰ ਉਠ ਸਕੀਏ? ਕੀ ਇਹ ਰੂਪਕ ਧਾਰਮਿਕ, ਰਾਜਨੀਤਿਕ ਅਤੇ ਸਾਂਸਕ੍ਰਿਤਿਕ ਵੰਡਾਂ ਨੂੰ ਪਾਰ ਕਰਨ ਲਈ ਵੀ ਸਾਰਥਕ ਹੋ ਸਕਦਾ ਹੈ?